# ਜਿਹੜੇ ਦਿਨਾਂ ਵਿੱਚ ਅਸੀਂ ਜੀ ਰਹੇ ਹਾਂ

# ਅਤੇ ਜਿਹੜੇ ਆਉਣ ਵਾਲੇ ਦਿਨ ਹਨ

# ਨੂਹ ਦੇ ਦਿਨ

ਫ੍ਰੈਂਕਲਿਨ ਦੇ ਨੋਟਸ

ਯਿਸੂ ਨੇ ਸਾਨੂੰ ਦੱਸਿਆ ਜਾਂ ਕਿਹਾ ਜਾਵੇ ਸਾਨੂੰ ਚਿਤਾਵਨੀ ਦਿੱਤੀ: ਮੱਤੀ 24:37
ਪਰ ਜਿਸ ਤਰਾਂ **ਨੂਹ ਦੇ ਦਿਨ** ਸਨ ਮਨੁੱਖ ਦੇ ਪੁੱਤ੍ਰ ਦਾ ਆਉਣਾ **ਉਸੇ ਤਰਾਂ ਹੋਵੇਗਾ**।

"ਨੂਹ ਦੇ ਦਿਨਾਂ ਵਿੱਚ" ਹਲਾਤ ਕੈਸੇ ਸਨ?

**ਉਤਪਤ 6:1-14** ਤਾਂ ਐਉਂ ਹੋਇਆ ਜਦ ਆਦਮੀ ਜ਼ਮੀਨ ਉੱਤੇ ਵਧਣ ਲੱਗ ਪਏ ਅਰ ਉਨ੍ਹਾਂ ਤੋਂ ਧੀਆਂ ਜੰਮੀਆਂ। 2 ਤਾਂ **ਪਰਮੇਸ਼ੁਰ ਦੇ ਪੁੱਤ੍ਰਾਂ** (ਪੁਰਾਣੇ ਨੇਮ ਵਿੱਚ ਇਸ ਕਥਨ ਦਾ **ਅਰਥ** ਹਮੇਸ਼ਾ **ਸਵਰਗਦੂਤ** ਹਨ: ਅੱਯੂਬ 1:6, 2:1, 38:7) ਨੇ ਆਦਮੀ ਦੀਆਂ ਧੀਆਂ ਨੂੰ ਵੇਖਿਆ ਭਈ ਓਹ ਸੋਹਣੀਆਂ ਹਨ (ਉਨ੍ਹਾਂ ਦੀ ਲਾਲਸਾ ਕੀਤੀ) ਤਦ ਉਨ੍ਹਾਂ ਨੇ ਆਪਣੇ ਲਈ ਸਾਰੀਆਂ ਚੁਣੀਆਂ ਹੋਈਆਂ ਵਿੱਚੋਂ ਤੀਵੀਆਂ ਕੀਤੀਆਂ। 3 ਅਤੇ ਯਹੋਵਾਹ ਨੇ ਆਖਿਆ ਕਿ ਮੇਰਾ ਆਤਮਾ ਆਦਮੀ ਦੇ ਵਿਰੁੱਧ ਸਦਾ ਤੀਕਰ ਜੋਰ ਨਹੀਂ ਮਾਰੇਗਾ ਕਿਉਂਕਿ ਉਹ ਸਰੀਰ ਹੀ ਹੈ ਸੋ ਉਹ ਦੇ ਦਿਨ ਇੱਕ ਸੌ ਵੀਹ ਵਰਿਹਾਂ ਦੇ ਹੋਣਗੇ। 4 ਉਨ੍ਹੀਂ ਦਿਨੀਂ ਧਰਤੀ ਉੱਤੇ **ਦੈਂਤ** ਸਨ ਅਤੇ ਉਹ ਦੇ ਮਗਰੋਂ ਵੀ ਜਦ **ਪਰਮੇਸ਼ੁਰ ਦੇ ਪੁੱਤ੍ਰ** ਆਦਮੀ ਦੀਆਂ ਧੀਆਂ ਕੋਲ ਆਏ ਅਰ **ਉਨ੍ਹਾਂ ਨੇ ਉਨ੍ਹਾਂ ਲਈ ਪੁੱਤ੍ਰ ਜਣੇ** ਤਾਂ ਏਹ (ਅਰਥਾਤ **ਪੁੱਤ੍ਰ**, ਨਫੀਲੀਮ) ਸੂਰਬੀਰ (ਯੋਧੇ, ਤਾਨਾਸ਼ਾਹ ਜਾਂ ਦੈਂਤ) ਹੋਏ ਜਿਹੜੇ ਮੁੱਢੋਂ ਨਾਮੀ ਸਨ।

- ਇਹ "**ਪਰਮੇਸ਼ੁਰ ਦੇ ਪੁੱਤ੍ਰ**" ਪਰਮੇਸ਼ੁਰ ਦੇ ਸਿਰਜੇ ਹੋਏ **ਸਵਰਗਦੂਤ** ਸਨ ਅਰਥਾਤ ਉਹ **ਡਿੱਗੇ ਹੋਏ ਸਵਰਗਦੂਤ** ਜਿਨ੍ਹਾਂ ਦੇ "ਲੂਸੀਫਰ" ਦੇ ਮਗਰ ਲੱਗ ਕੇ ਯਹੋਵਾਹ ਦੇ ਵਿਰੁੱਧ ਬਗਾਵਤ ਕੀਤੀ ਸੀ (ਹਿਜ਼ਕੀਏਲ 28:12-19) ਅਤੇ ਉਨ੍ਹਾਂ ਦਾ **ਟੀਚਾ ਸੀ** ਉਸ ਸਭ ਦਾ **ਨਾਸ ਕਰਨਾ** ਜੋ ਯਹੋਵਾਹ ਨੇ ਸਿਰਜਿਆ ਸੀ ਅਤੇ ਜੋ ਉਸ ਨੂੰ ਪਸੰਦ ਸੀ, ਖਾਸ ਕਰਕੇ ਉਸ ਦੇ ਸਰੂਪ ਉੱਤੇ ਸਿਰਜੇ ਹੋਏ **ਲੋਕ**।

- ਯਹੂਦਾ 6-7 ਅਤੇ ਉਨ੍ਹਾਂ **ਦੂਤਾਂ** ਨੂੰ ਜੋ ਆਪਣੀ ਪਦਵੀ (ਜਾਂ: ਸਥਾਨ), ਵਿੱਚ ਨਾ ਰਹੇ ਸਗੋਂ ਆਪਣੇ ਅਸਲੀ ਠਿਕਾਣੇ (ਜਾਂ ਨਿਵਾਸ) ਨੂੰ (ਮਨੁੱਖਾਂ ਦੀਆਂ ਧੀਆਂ ਪ੍ਰਤੀ ਲਾਲਸਾ ਦੇ ਕਾਰਣ) ਛੱਡ ਦਿੱਤਾ ਉਹ ਨੇ ਅਨ੍ਹੇਰੇ ਘੁੱਪ ਵਿੱਚ ਉਸ ਵੱਡੇ ਦਿਹਾੜੇ ਦੇ ਨਿਆਉਂ ਲਈ ਸਦੀਪਕ ਬੰਧਨਾਂ ਵਿੱਚ ਰੱਖ ਛੱਡਿਆ। **ਜਿਵੇਂ** ਸਦੂਮ ਅਤੇ ਅਮੂਰਾਹ ਅਤੇ ਓਹਨਾਂ ਦੇ ਲਾਂਭ ਛਾਂਭ ਦੇ ਨਗਰ **ਏਹਨਾਂ ਵਾਂਙੁ ਹਰਾਮਕਾਰੀ ਕਰ ਕੇ** ਅਤੇ **ਪਰਾਏ** ਸਰੀਰ ਦੇ ਮਗਰ ਲੱਗ ਕੇ ਸਦੀਪਕ ਅੱਗ ਦੀ ਸਜ਼ਾ ਭੋਗਦੇ ਹੋਏ **ਨਮੂਨਾ** (ਯਹੋਵਾਹ ਨੂੰ ਇਹ ਭ੍ਰਿਸ਼ਟਤਾ ਕਿੰਨੀ ਬੁਰੀ ਲੱਗਦੀ ਹੈ) ਬਣਾਏ ਹੋਏ ਹਨ।

ਜਦੋਂ ਜਲ ਪਰਲੋ ਵਿੱਚ ਇਹ ਨਫੀਲੀਮ ਨਾਸ ਹੋ ਗਏ, ਅਤੇ / ਜਾਂ ਅੱਗੇ ਚੱਲ ਕੇ ਉਨ੍ਹਾਂ ਦੀਆਂ ਆਤਮਾਵਾਂ ਉਨ੍ਹਾਂ ਦੇ ਸਰੀਰਾਂ ਵਿੱਚੋਂ ਬਾਹਰ ਨਿੱਕਲ ਗਈਆਂ ਅਤੇ ਧਰਤੀ ਉੱਤੇ ਅਜਿਹੇ ਸਰੀਰਾਂ ਦੀ ਤਲਾਸ਼ ਵਿੱਚ ਭਟਕਣ ਲੱਗੀਆਂ ਜਿਨ੍ਹਾਂ ਵਿੱਚ ਵਾਸ ਕਰਕੇ ਉਸੇ **ਅਨੈਤਿਕ ਅਤੇ ਭ੍ਰਿਸ਼ਟ ਕਾਮੁਕਤਾ ਦੀਆਂ ਗੱਲਾਂ ਨੂੰ ਸਾਰੀ ਮਨੁੱਖਜਾਤੀ ਵਿੱਚ** ਫੈਲਾ ਸਕਣ।

ਯਿਸੂ ਨੇ ਮੱਤੀ 12:43-45 ਵਿੱਚ ਇਸ ਗੱਲ ਦੀ ਪੁਸ਼ਟੀ ਕੀਤੀ
ਪਰ ਜਾਂ ਭ੍ਰਿਸ਼ਟ ਆਤਮਾ ਮਨੁੱਖ ਤੋਂ ਨਿੱਕਲ ਗਿਆ ਹੋਵੇ (ਯੂਨਾਨੀ: ਐਕਸਰਚੋਮਾਇ / ਐਕਸਰਸਿਜ਼ਮ?) ਤਾਂ ਸੁੱਕਿਆਂ ਥਾਵਾਂ ਵਿੱਚ ਅਰਾਮ ਭਾਲਦਾ ਫਿਰਦਾ ਹੈ ਪਰ ਨਹੀਂ ਲੱਭਦਾ। ਤਦ ਉਹ ਆਖਦਾ ਹੈ ਭਈ **ਮੈਂ ਆਪਣੇ ਘਰ** ਜਿੱਥੋਂ ਨਿੱਕਲਿਆ ਸਾਂ **ਮੁੜ**

**ਜਾਵਾਂਗਾ** ਅਤੇ ਆਣ ਕੇ ਉਹ ਨੂੰ ਵੇਹਲਾ ਅਤੇ ਝਾੜਿਆ ਸੁਆਰਿਆ ਹੋਇਆ ਵੇਖਦਾ ਹੈ। ਤਦ ਉਹ ਜਾ ਕੇ **ਹੋਰ ਸੱਤ ਆਤਮੇ ਆਪਣੇ ਨਾਲੋਂ ਵੀ ਭੈੜੇ** ਸੰਗ ਲਿਆਉਂਦਾ ਹੈ ਅਤੇ ਓਹ **ਅੰਦਰ ਵੜ ਕੇ ਉੱਥੇ ਵੱਸਦੇ** ਹਨ। ਤਾਂ ਉਸ ਮਨੁੱਖ ਦਾ ਪਿਛਲਾ ਹਾਲ ਪਹਿਲੇ ਨਾਲੋਂ **ਬੁਰਾ** ਹੁੰਦਾ ਹੈ। **ਇਸ ਬੁਰੀ ਪੀੜ੍ਹੀ ਦੇ ਲੋਕਾਂ ਦਾ ਵੀ ਠੀਕ ਇਹੋ ਜਿਹਾ ਹਾਲ ਹੋਵੇਗਾ**।

- ਜੇ ਇਨ੍ਹਾਂ ਡਿੱਗੇ ਹੋਏ ਸਵਰਗਦੂਤਾਂ ਵਿੱਚ ਔਰਤਾਂ ਨੂੰ ਗਰਭਵਤੀ ਕਰਨ ਅਤੇ ਉਨ੍ਹਾਂ ਰਾਹੀਂ ਸੰਤਾਨ ਪੈਦਾ ਕਰਨ ਦੀ ਸ਼ਕਤੀ ਹੈ ਜਿਵੇਂ ਕਿ ਉਤਪਤ 6 ਅਧਿਆਏ ਵਿੱਚ ਲਿਖਿਆ ਹੈ, ਤਾਂ ਇਸ ਤੋਂ ਉਹ ਗੱਲ ਸਾਹਮਣੇ ਆਉਂਦੀ ਹੈ ਜੋ **ਉਤਪਤ 3:15** ਵਿੱਚ ਪ੍ਰਭੂ ਨੇ ਸੱਪ ਨੂੰ ਕਹੀ ਸੀ **ਤੇਰੀ ਸੰਤਾਨ** (ਉਸ ਦੇ ਬੱਚਿਆਂ) ਤੇ **ਤੀਵੀਂ ਦੀ ਸੰਤਾਨ** (ਔਰਤ ਦੇ ਬੱਚਿਆਂ) ਵਿੱਚ ਮੈਂ ਵੈਰ ਪਾਵਾਂਗਾ।

- "ਸੰਤਾਨ" ਦਾ ਅਰਥ ਹੈ ਵੰਸ਼ਜ ਜਾਂ ਔਲਾਦ। ਰੋਮੀਆਂ 4:13 ਅਤੇ ਗਲਾਤੀਆਂ 3:29 ਵੇਖੋ। ਅਤੇ ਵੈਰ ਲਈ ਪਰਕਾਸ਼ ਦੀ ਪੋਥੀ 12:17 ਵੇਖੋ।

- ਸੱਪ ਅਰਥਾਤ ਸ਼ਤਾਨ **ਆਪਣੀ ਸੰਤਾਨ** ਨੂੰ ਵੱਡਾ ਕਰਨ ਦੀ ਕੋਸ਼ਿਸ਼ ਕਰਦਾ ਆਇਆ ਹੈ ਅਤੇ ਕਰ ਰਿਹਾ ਹੈ ਅਰਥਾਤ ਧਰਤੀ ਉੱਤੇ ਉਸ ਦੇ ਬੱਚੇ, ਤਾਂਕਿ ਉਹ ਪ੍ਰਭੂ ਦੇ ਬੱਚਿਆਂ ਭਾਵ **ਔਰਤ ਦੀ ਸੰਤਾਨ** ਨੂੰ ਭ੍ਰਿਸ਼ਟ ਕਰਨ ਅਤੇ ਉਨ੍ਹਾਂ ਦਾ ਨਾਸ ਕਰਨ। **ਕਾਮ-ਸੁੱਖ** ਮਨੁੱਖਜਾਤੀ ਨੂੰ ਫਸਾਉਣ ਲਈ ਉਸ ਦਾ ਜਾਲ ਸੀ। ਅੱਜ ਇਹ ਯੁੱਧ ਸਾਰੇ ਸੰਸਾਰ ਵਿੱਚ ਪ੍ਰਤੱਖ ਵਿਖਾਈ ਦੇ ਰਿਹਾ ਹੈ।

- ਹੋ ਸਕਦਾ ਹੈ ਕਿ ਇਹ ਉਹੀ ਸੰਤਾਨ ਹੈ ਜਿਸ ਦੇ ਬਾਰੇ ਪ੍ਰਭੂ ਨੇ ਕਿਹਾ ਕਿ ਉਹ **ਦੁਸ਼ਟ ਦੇ ਪੁੱਤਰ** ਜਾਂ ਸ਼ਤਾਨ ਦੁਆਰਾ ਬੀਜੀ ਗਈ ਜੰਗਲੀ ਬੂਟੀ ਹਨ। **ਮੱਤੀ 13:37-39** ਤਾਂ ਉਸ ਨੇ ਉੱਤਰ ਦਿੱਤਾ ਜਿਹੜਾ **ਚੰਗਾ ਬੀ** ਬੀਜਦਾ ਹੈ ਉਹ ਮਨੁੱਖ ਦਾ ਪੁੱਤ੍ਰ ਹੈ **. . .** ਚੰਗਾ ਬੀ ਰਾਜ ਦੇ ਪੁੱਤ੍ਰ ਅਤੇ ਜੰਗਲੀ ਬੂਟੀ **ਦੁਸ਼ਟ ਦੇ ਪੁੱਤ੍ਰ** ਹਨ। ਅਤੇ ਜਿਸ ਵੈਰੀ ਨੇ ਉਹ ਨੂੰ ਬੀਜਿਆ ਉਹ ਸ਼ਤਾਨ ਹੈ। ਅਤੇ **ਯੂਹੰਨਾ 8:44** ਵਿੱਚ ਲਿਖਿਆ ਹੈ ਤੁਸੀਂ **ਆਪਣੇ ਪਿਉ ਸ਼ਤਾਨ** "ਤੋਂ" ਹੋ ਅਤੇ ਆਪਣੇ ਪਿਉ ਦੀਆਂ ਕਾਮਨਾਂ ਦੇ ਅਨੁਸਾਰ ਕਰਨਾ ਚਾਹੁੰਦੇ ਹੋ।

- ਪੌਲੁਸ **ਰਸੂਲਾਂ ਦੇ ਕਰਤੱਬ** 13:7-10 ਵਿੱਚ "ਸ਼ਤਾਨ ਦੇ ਇਨ੍ਹਾਂ ਪੁੱਤਰਾਂ" ਵਿੱਚੋਂ ਇੱਕ ਦੇ ਬਾਰੇ ਗੱਲ ਕਰਦਾ ਹੈ

  ਤੂੰ ਜੋ ਸਭ ਤਰਾਂ ਦੇ ਛਲ ਅਤੇ ਬੁਰਿਆਈ ਨਾਲ ਭਰਿਆ ਹੋਇਆ ਹੈਂ ਸ਼ਤਾਨ ਦੇ ਬੱਚੇ

**ਉਤਪਤ 6 ਅਧਿਆਏ 'ਤੇ ਵਾਪਸ ਚੱਲਦੇ ਹਾਂ:**

5 ਫੇਰ ਯਹੋਵਾਹ ਨੇ ਵੇਖਿਆ ਕਿ ਆਦਮੀ ਦੀ **ਬੁਰਿਆਈ** ਧਰਤੀ ਉੱਤੇ ਵਧ ਗਈ ਅਰ ਉਸ ਦੇ ਮਨ ਦੇ **ਵਿਚਾਰਾਂ** ਦੀ **ਹਰ ਇੱਕ**
ਭਾਵਨਾ **ਸਾਰਾ ਦਿਨ ਬੁਰੀ** ਹੀ ਰਹਿੰਦੀ ਹੈ। 6 ਤਾਂ ਯਹੋਵਾਹ ਨੂੰ ਆਦਮੀ ਦੇ ਧਰਤੀ ਉੱਤੇ ਬਣਾਉਣ ਤੋਂ **ਰੰਜ ਹੋਇਆ** ਅਤੇ ਉਹ
ਮਨ ਵਿੱਚ **ਦੁਖੀ** ਹੋਇਆ। 7 ਤਦ ਯਹੋਵਾਹ ਨੇ ਆਖਿਆ, ਮੈਂ ਆਦਮੀ ਨੂੰ ਜਿਹ ਨੂੰ ਮੈਂ ਉਤਪਤ ਕੀਤਾ, ਹਾਂ, ਆਦਮੀ ਨੂੰ, ਡੰਗਰ
ਨੂੰ, ਘਿੱਸਰਨ ਵਾਲੇ ਨੂੰ ਅਰ ਅਕਾਸ਼ ਦੇ ਪੰਛੀ ਨੂੰ ਵੀ ਜ਼ਮੀਨ ਦੇ ਉੱਤੋਂ ਮਿਟਾ ਦਿਆਂਗਾ ਕਿਉਂਜੋ ਮੈਨੂੰ ਉਨ੍ਹਾਂ ਦੇ ਬਣਾਉਣ ਤੋਂ ਰੰਜ
ਹੋਇਆ ਹੈ। 8 ਪਰ ਨੂਹ ਉੱਤੇ ਯਹੋਵਾਹ ਦੀ ਕਿਰਪਾ ਦੀ ਨਿਗਾਹ ਹੋਈ। 9 ਏਹ ਨੂਹ ਦੀ ਕੁਲ ਪੱਤਰੀ ਹੈ। ਨੂਹ ਇੱਕ **ਧਰਮੀ**
ਮਨੁੱਖ ਸੀ ਅਤੇ ਆਪਣੀ ਪੀੜ੍ਹੀ ਵਿੱਚ **ਸੰਪੂਰਨ** ਸੀ ਅਤੇ ਨੂਹ **ਪਰਮੇਸ਼ੁਰ ਦੇ ਨਾਲ ਨਾਲ ਚਲਦਾ** ਸੀ। 10 ਨੂਹ ਦੇ ਤਿੰਨ ਪੁੱਤ੍ਰ ਸਨ
ਅਰਥਾਤ ਸ਼ੇਮ ਅਰ ਹਾਮ ਅਰ ਯਾਫਥ। 11 **ਧਰਤੀ ਪਰਮੇਸ਼ੁਰ ਦੇ ਅੱਗੇ ਬਿਗੜੀ ਹੋਈ ਸੀ ਅਰ ਧਰਤੀ ਜ਼ੁਲਮ ਨਾਲ ਭਰੀ
ਹੋਈ ਸੀ**। 12 ਤਾਂ ਪਰਮੇਸ਼ੁਰ ਨੇ ਧਰਤੀ ਨੂੰ ਡਿੱਠਾ ਅਤੇ ਵੇਖੋ ਉਹ **ਬਿਗੜੀ** ਹੋਈ ਸੀ ਕਿਉਂਜੋ **ਸਾਰੇ ਸਰੀਰਾਂ ਨੇ ਆਪਣੇ ਮਾਰਗ**

**ਨੂੰ ਧਰਤੀ ਉੱਤੇ ਬਿਗਾੜ ਲਿਆ ਸੀ**। 13 ਸੋ ਪਰਮੇਸ਼ੁਰ ਨੇ ਨੂਹ ਨੂੰ ਆਖਿਆ ਕਿ ਸਰਬੱਤ ਸਰੀਰਾਂ ਦਾ ਅੰਤਕਾਲ ਮੇਰੇ ਸਾਹਮਣੇ ਏਸ ਲਈ ਆ ਗਿਆ ਹੈ ਕਿ ਧਰਤੀ ਉਨ੍ਹਾਂ ਦੇ ਕਾਰਨ **ਜ਼ੁਲਮ ਨਾਲ ਭਰ ਗਈ** ਹੈ। ਵੇਖ ਮੈਂ ਉਨ੍ਹਾਂ ਨੂੰ ਧਰਤੀ ਦੇ ਸੰਗ ਨਾਸ ਕਰਾਂਗਾ।

- ਉਹ ਸਵਰਗਦੂਤ ਜਿਨ੍ਹਾਂ ਨੇ ਔਰਤਾਂ ਦੀ ਲਾਲਸਾ ਕੀਤੀ ਅਤੇ ਉਨ੍ਹਾਂ ਨੂੰ ਗਰਭਵਤੀਆਂ ਕੀਤਾ, ਉਨ੍ਹਾਂ ਨੂੰ ਦੋਸ਼ੀ ਠਹਿਰਾ ਕੇ ਸਦੀਪਕ ਦੰਡ ਦਿੱਤਾ ਗਿਆ:
    - ਸਵਰਗਦੂਤਾਂ ਨੂੰ ਵਿਆਹ ਕਰਨ ਦੀ ਆਗਿਆ ਨਹੀਂ ਸੀ। ਮੱਤੀ 22:30

ਯਹੂਦਾ 5-6 ਹੁਣ ਭਾਵੇਂ ਤੁਸੀਂ ਇੱਕੋ ਵਾਰ ਸੱਭੋ ਕੁਝ ਜਾਣ ਵੀ ਚੁੱਕੇ ਹੋ ਤਾਂ ਵੀ ਮੈਂ ਤੁਹਾਨੂੰ ਚਿਤਾਰਿਆ ਚਾਹੁੰਦਾ ਹਾਂ ਭਈ ਪ੍ਰਭੁ ਨੇ ਲੋਕਾਂ ਨੂੰ ਮਿਸਰ ਦੇਸ ਵਿੱਚੋਂ ਬਚਾ ਕੇ ਪਿੱਛੋਂ ਉਨ੍ਹਾਂ ਦਾ ਜਿਨ੍ਹਾਂ ਪਰਤੀਤ ਨਾ ਕੀਤੀ ਨਾਸ ਕੀਤਾ। ਅਤੇ ਉਨ੍ਹਾਂ **ਦੂਤਾਂ** ਨੂੰ **ਜੋ ਆਪਣੀ ਪਦਵੀ ਵਿੱਚ ਨਾ ਰਹੇ** ਸਗੋਂ ਆਪਣੇ ਅਸਲੀ ਠਿਕਾਣੇ ਨੂੰ ਛੱਡ ਦਿੱਤਾ ਉਹ ਨੇ ਅਨ੍ਹੇਰੇ ਘੁੱਪ ਵਿੱਚ ਓਸ ਵੱਡੇ ਦਿਹਾੜੇ ਦੇ ਨਿਆਉਂ ਲਈ **ਸਦੀਪਕ ਬੰਧਨਾਂ** ਵਿੱਚ ਰੱਖ ਛੱਡਿਆ।

1 ਪਤਰਸ 3:19 ਜਿਹ ਦੇ ਵਿੱਚ ਹੋ ਕੇ ਯਿਸੂ ਨੇ **ਉਨ੍ਹਾਂ ਆਤਮਿਆਂ ਦੇ ਕੋਲ ਜਿਹੜੇ ਕੈਦ ਵਿੱਚ ਸਨ** (ਸਵਰਗਦੂਤ ਜਾਂ ਪਰਮੇਸ਼ੁਰ ਦੇ ਪੁੱਤਰ) ਜਾ ਕੇ ਮਨਾਦੀ ਕੀਤੀ। 20 ਜਿਹੜੇ ਪਿੱਛਲੇ ਸਮੇਂ ਅਣਆਗਿਆਕਾਰੀ ਸਨ ਜਿਸ ਵੇਲੇ ਪਰਮੇਸ਼ੁਰ ਨੂਹ ਦੇ ਦਿਨੀਂ ਧੀਰਜ ਨਾਲ ਉਡੀਕ ਕਰਦਾ ਸੀ ਜਦ ਕਿਸ਼ਤੀ ਤਿਆਰ ਹੁੰਦੀ ਪਈ ਸੀ ਜਿਹ ਦੇ ਵਿੱਚ ਥੋੜੇ ਅਰਥਾਤ ਅੱਠ ਜਣੇ ਪਾਣੀ ਤੋਂ ਬਚ ਗਏ।

ਮੁੱਦੇ ਦੀ ਗੱਲ ਇਹ ਹੈ: ਯਿਸੂ ਨੇ ਕਿਹਾ: ਮੱਤੀ 24:37
ਪਰ ਜਿਸ ਤਰਾਂ **ਨੂਹ ਦੇ ਦਿਨ** ਸਨ ਮਨੁੱਖ ਦੇ ਪੁੱਤ੍ਰ ਦਾ ਆਉਣਾ **ਉਸੇ ਤਰਾਂ ਹੋਵੇਗਾ**।

ਇਹ ਸ਼ਤਾਨੀ ਦੁਸ਼ਟ ਆਤਮਾਵਾਂ ਅੱਜ ਵੀ ਧਰਤੀ ਉੱਤੇ ਹਨ ਅਤੇ ਹਰ ਪ੍ਰਕਾਰ ਦੀ ਜਿਨਸੀ ਅਨੈਤਿਕਤਾ ਅਤੇ / ਜਾਂ ਭ੍ਰਿਸ਼ਟਤਾ ਨੂੰ ਉਕਸਾਉਣ ਲਈ ਹਰ ਵਿਅਕਤੀ ਵਿੱਚ ਕਿਸੇ ਨਾ ਕਿਸੇ ਮੌਕੇ ਦੀ ਤਾਕ ਵਿੱਚ ਰਹਿੰਦੀਆਂ ਹਨ।

ਇਹ ਸਾਨੂੰ ਇਸ ਤੋਂ ਪਤਾ ਲੱਗਦਾ ਹੈ ਕਿ ਇਸ ਦੇ ਕੁਝ ਹੀ ਸਮੇਂ ਬਾਅਦ ਸਾਡੇ ਸਾਹਮਣੇ ਸਦੂਮ ਅਤੇ ਅਮੂਰਾਹ ਦਾ ਉਦਾਹਰਣ ਹੈ।
**ਉਤਪਤ 18:2-3** ਫੇਰ ਯਹੋਵਾਹ ਨੇ ਉਹ ਨੂੰ ਮਮਰੇ ਦਿਆਂ ਬਲੂਤਾਂ ਵਿੱਚ ਦਰਸ਼ਨ ਦਿੱਤਾ ਜਾਂ ਉਹ ਆਪਣੇ ਤੰਬੂ ਦੇ ਬੂਹੇ ਵਿੱਚ ਦਿਨ ਦੀ ਧੁੱਪ ਦੇ ਵੇਲੇ ਬੈਠਾ ਹੋਇਆ ਸੀ। ਉਸ ਨੇ ਆਪਣੀਆਂ ਅੱਖੀਆਂ ਚੁੱਕ ਕੇ ਨਿਗਾਹ ਮਾਰੀ ਅਰ ਵੇਖੋ **ਤਿੰਨ ਮਨੁੱਖ** ਉਹ ਦੇ ਸਾਹਮਣੇ ਖਲੋਤੇ ਸਨ ਅਤੇ ਉਨ੍ਹਾਂ ਨੂੰ **ਵੇਖਦੇ ਹੀ ਉਹ** ਉਨ੍ਹਾਂ ਦੇ ਮਿਲਣ ਲਈ ਤੰਬੂ ਦੇ ਬੂਹਿਓਂ ਨੱਸਿਆ ਅਤੇ **ਧਰਤੀ ਤੀਕ ਝੁਕਿਆ**।
3 "ਉਸ ਨੇ ਆਖਿਆ, **ਹੇ ਪ੍ਰਭੂ** ਜੇ ਮੇਰੇ ਉੱਤੇ ਤੇਰੀ ਕਿਰਪਾ ਦੀ ਨਿਗਾਹ ਹੋਈ ਹੈ ਤਾਂ ਆਪਣੇ ਦਾਸ ਦੇ ਕੋਲੋਂ ਚੱਲਿਆ ਨਾ ਜਾਣਾ।"

- ਅਬਰਾਹਮ ਜਾਣਦਾ ਸੀ ਕਿ ਉਹ ਦੂਜਿਆਂ ਤੋਂ ਕੁਝ ਅੱਲਗ ਸਨ। ਪ੍ਰਭੂ ਦੋ ਵਾਰ ਪਹਿਲਾਂ ਉਸ ਉੱਤੇ ਪਰਗਟ ਹੋ ਚੁੱਕਿਆ ਸੀ, ਉਤਪਤ 12:7 ਅਤੇ 17:1.

8 ਆਇਤ ਆਪ ਉਨ੍ਹਾਂ ਦੇ ਕੋਲ ਰੁੱਖ ਹੇਠ ਖੜਾ ਰਿਹਾ ਅਤੇ **ਉਨ੍ਹਾਂ ਨੇ ਖਾਧਾ**।

- ਸੋ ਉਹ ਨਾ ਕੇਵਲ ਮਨੁੱਖਾਂ ਦੇ ਰੂਪ ਵਿੱਚ ਪਰਗਟ ਹੁੰਦੇ ਹਨ, ਸਗੋਂ ਮਨੁੱਖਾਂ ਵਾਂਗ ਖਾ-ਪੀ ਅਤੇ ਬਿਲਕੁਲ ਮਨੁੱਖਾਂ ਵਾਂਗ ਕਾਰਜ ਵੀ ਕਰ ਸਕਦੇ ਹਨ **. . .** ਇੱਥੋਂ ਤਕ ਕਿ ਬੱਚਿਆਂ ਦੇ ਪਿਤਾ ਵੀ ਬਣ ਸਕਦੇ ਹਨ ਜਿਵੇਂ ਕਿ ਉਤਪਤ ਛੇ ਵਿੱਚ ਦਰਜ ਹੈ।

16-18 ਤਦ **ਉਨ੍ਹਾਂ ਮਨੁੱਖਾਂ** ਨੇ ਉੱਥੋਂ ਉੱਠਕੇ ਸਦੂਮ ਵੱਲ ਮੂੰਹ ਕੀਤਾ ਅਤੇ ਅਬਰਾਹਾਮ ਉਨ੍ਹਾਂ ਨੂੰ ਰਾਹੇ ਪਾਉਣ ਲਈ ਨਾਲ ਤੁਰ ਪਿਆ। 17 "ਤਾਂ **ਯਹੋਵਾਹ ਨੇ ਆਖਿਆ**, ਮੈਂ ਅਬਰਾਹਾਮ ਤੋਂ ਉਹ ਜੋ ਮੈਂ ਕਰਨ ਨੂੰ ਹਾਂ ਕਿਉਂ ਲੁਕਾਵਾਂ?"

20-21 "ਉਪਰੰਤ **ਯਹੋਵਾਹ ਨੇ ਆਖਿਆ**, ਸਦੂਮ ਅਰ ਅਮੂਰਾਹ ਦਾ ਰੌਲਾ ਬਹੁਤ ਵਧ ਗਿਆ ਹੈ ਅਰ **ਉਨ੍ਹਾਂ ਦਾ ਪਾਪ ਵੀ ਬਹੁਤ ਭਾਰੀ ਹੈ**।" ਤਾਂ ਮੈਂ ਉੱਤਰਕੇ ਵੇਖਾਂਗਾ ਕਿ ਉਨ੍ਹਾਂ ਨੇ ਉਸ ਰੌਲੇ ਅਨੁਸਾਰ ਜੋ ਮੇਰੇ ਕੋਲ ਆਇਆ ਹੈ ਸਭ ਕੁਝ ਕੀਤਾ ਹੈ ਅਰ ਜੇ ਨਹੀਂ ਤਾਂ ਮੈਂ ਜਣਾਂਗਾ।

22-23 ਤਾਂ ਓਹ **ਮਨੁੱਖ** ਉੱਥੋਂ ਮੁੜਕੇ ਸਦੂਮ ਵੱਲ ਤੁਰ ਪਏ **ਪਰ ਅਬਰਾਹਾਮ ਅਜੇ ਤੀਕ ਯਹੋਵਾਹ ਦੇ ਸਨਮੁਖ ਖਲੋਤਾ ਰਿਹਾ**। "ਤਾਂ ਅਬਰਾਹਾਮ ਨੇ ਨੇੜੇ ਹੋਕੇ ਆਖਿਆ, ਕੀ ਤੂੰ **ਧਰਮੀ** ਨੂੰ ਕੁਧਰਮੀ ਨਾਲ ਨਾਸ ਕਰੇਂਗਾ?"

- ਇਹ ਜਾਂ ਤਾਂ ਯਹੋਵਾਹ ਪ੍ਰਭੂ ਆਪ ਸੀ ਜਾਂ ਦੂਜੇ ਦੋ ਦੂਤਾਂ ਨਾਲੋਂ ਸ੍ਰੇਸ਼ਟ ਕੋਈ ਸਵਰਗਦੂਤ ਅਤੇ ਉਸ ਕੋਲ ਯਹੋਵਾਹ ਵੱਲੋਂ ਬੋਲਣ ਦਾ ਬੋਲਣ ਦਾ ਇਖਤਿਆਰ ਸੀ। ਕੂਚ 33: 20 ਵਿੱਚ ਯਹੋਵਾਹ ਨੇ ਕਿਹਾ ਤੂੰ ਮੇਰਾ ਮੂੰਹ ਨਹੀਂ ਵੇਖ ਸੱਕਦਾ ਕਿਉਂ ਜੋ ਕੋਈ ਆਦਮੀ ਮੈਨੂੰ ਵੇਖ ਕੇ ਜੀ ਨਹੀਂ ਸੱਕਦਾ।

ਉਤਪਤ 19:1-2 ਉਪਰੰਤ **ਦੋ ਦੂਤ** ਸ਼ਾਮ ਨੂੰ ਸਦੂਮ ਨੂੰ ਆਏ ਅਤੇ ਲੂਤ ਸਦੂਮ ਦੀ **ਡੇਉੜ੍ਹੀ ਵਿੱਚ ਬੈਠਾ ਹੋਇਆ ਸੀ**

- ਲੂਤ ਨੇ ਆਪ ਸਦੂਮ ਵਿੱਚ ਰਹਿਣ ਦੀ ਚੋਣ ਕੀਤੀ ਸੀ (ਉਤਪਤ 13:10) ਅਤੇ ਇੰਝ ਜਾਪਦਾ ਹੈ ਕਿ ਉੱਥੇ ਉਸ ਨੇ ਚੰਗਾ ਰੁਤਬਾ ਹਾਸਲ ਕਰ ਲਿਆ ਸੀ ਕਿਉਂਕਿ ਲਿਖਿਆ ਹੈ ਕਿ ਉਹ ਡੇਉੜ੍ਹੀ ਵਿੱਚ ਬੈਠਾ ਹੋਇਆ ਸੀ

- ਅਸੀਂ ਸਾਰੇ ਆਪਣੀ ਚੋਣ ਦੇ ਨਤੀਜਿਆਂ ਦਾ ਅਨੁਭਵ ਕਰ ਰਹੇ ਹਾਂ ਅਤੇ ਇਨ੍ਹਾਂ ਦੇ ਨਾਲ ਜੀ ਰਹੇ ਹਾਂ ! ਕਾਮ-ਵਾਸਨਾ ਵੱਲ ਇੱਕ ਛੋਟਾ ਜਿਹਾ ਕਦਮ ਇਨ੍ਹਾਂ ਦੁਸ਼ਟ ਆਤਮਾਵਾਂ ਨੂੰ **ਉਂਗਲ ਰੱਖਣ ਦੀ ਜਗ੍ਹਾ** ਦੇ ਦਿੰਦਾ ਹੈ ਅਤੇ ਉਹ ਇਸ ਨੂੰ **ਪੈਰ ਰੱਖਣ ਦੀ ਜਗ੍ਹਾ** ਵਿੱਚ ਤਬਦੀਲ ਕਰਨ ਦੀ ਕੋਸ਼ਿਸ਼ ਕਰਨ ਵਿੱਚ ਲੱਗ ਜਾਂਦੇ ਹਨ, ਅਤੇ ਛੇਤੀ ਹੀ ਇਹ ਉਨ੍ਹਾਂ ਦਾ **ਮਜ਼ਬੂਤ ਕਿਲ੍ਹਾ** ਬਣ ਜਾਂਦਾ ਹੈ।

ਅਤੇ ਲੂਤ **ਉਨ੍ਹਾਂ ਨੂੰ ਵੇਖਕੇ** ਮਿਲਣ ਲਈ ਉੱਠਿਆ ਅਤੇ ਉਹ ਨੇ ਆਪਣਾ ਮੂੰਹ ਧਰਤੀ ਤੀਕ ਝੁਕਾਇਆ। "ਉਸ ਨੇ ਆਖਿਆ ਵੇਖੋ ਮੇਰੇ ਪ੍ਰਭੂਓ ਤੁਸੀਂ ਆਪਣੇ ਦਾਸ ਦੇ ਘਰ ਵੱਲ ਮੁੜੋ ਅਰ ਰਾਤ ਠਹਿਰੋ **. . .** ਉਸ ਨੇ ਉਨ੍ਹਾਂ ਦੀ ਮਿਹਮਾਨੀ ਕੀਤੀ ਅਤੇ ਪਤੀਰੀ ਰੋਟੀ ਪਕਾਈ ਤਾਂ **ਉਨ੍ਹਾਂ ਨੇ ਖਾਧੀ**।

- ਇਬਰਾਨੀਆਂ 13:2 ਪਰਾਹੁਣਚਾਰੀ ਕਰਨੀ ਨਾ ਭੁਲਿਓ ਕਿਉਂ ਜੋ ਇਹ ਕਰ ਕੇ ਕਿੰਨਿਆਂ ਨੇ ਦੂਤਾਂ ਨੂੰ ਬਿਨ ਪਛਾਣੇ ਘਰ ਉਤਾਰਿਆ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਸਵਰਗਦੂਤ ਮਨੁੱਖਾਂ ਦੇ ਰੂਪ ਵਿੱਚ ਵੀ ਪਰਗਟ ਹੋ ਸਕਦੇ ਹਨ।

19:4-5 ਪਰ ਉਨ੍ਹਾਂ ਦੇ ਲੰਮੇ ਪੈਣ ਤੋਂ ਪਹਿਲਾਂ ਸਦੂਮ ਨਗਰ ਦੇ ਮਨੁੱਖਾਂ ਨੇ ਕੀ **ਗਭਰੂ** ਕੀ **ਬੁੱਢਾ ਸਭ ਪਾਸਿਓਂ** ਉਸ ਘਰ ਨੂੰ ਘੇਰ ਲਿਆ। ਅਤੇ ਉਨ੍ਹਾਂ ਨੇ ਲੂਤ ਨੂੰ ਹਾਕ ਮਾਰਕੇ ਆਖਿਆ ਕਿ ਓਹ **ਮਨੁੱਖ** ਕਿੱਥੇ ਹਨ ਜੋ ਅੱਜ ਰਾਤ ਤੇਰੇ ਕੋਲ ਆਏ ਹਨ? ਉਨ੍ਹਾਂ ਨੂੰ ਸਾਡੇ ਕੋਲ ਬਾਹਰ ਲਿਆ **ਤਾਂਜੋ ਅਸੀਂ ਉਨ੍ਹਾਂ ਨੂੰ ਜਾਣੀਏ**।

19:9-11 ਫੇਰ ਉਨ੍ਹਾਂ ਨੇ ਉਸ ਮਨੁੱਖ ਲੂਤ ਨੂੰ ਬਹੁਤ ਤੰਗ ਕੀਤਾ ਅਰ ਬੂਹੇ ਭੰਨਣ ਲਈ ਨੇੜੇ ਢੁੱਕੇ।" ਤਾਂ **ਉਨ੍ਹਾਂ ਮਨੁੱਖਾਂ ਨੇ ਹੱਥ ਬਾਹਰ ਕੱਢਕੇ** ਲੂਤ ਨੂੰ ਆਪਣੇ ਕੋਲ ਘਰ ਵਿੱਚ ਖਿੱਚ ਲਿਆ ਅਰ ਬੂਹਾ ਭੇੜ ਲਿਆ। **ਜਿਹੜੇ ਮਨੁੱਖ** ਬੂਹੇ ਦੇ ਅੱਗੇ ਸਨ ਉਨ੍ਹਾਂ ਨੇ **ਉਨ੍ਹਾਂ ਨੂੰ** ਕੀ ਛੋਟਾ ਕੀ ਵੱਡਾ **ਅੰਨ੍ਹੇ ਕਰ ਦਿੱਤਾ** (ਉਨ੍ਹਾਂ ਕੋਲ ਸ਼ਕਤੀ ਹੈ) ਐਥੋਂ ਤੀਕ ਕਿ ਓਹ ਬੂਹਾ ਲੱਭਦੇ ਲੱਭਦੇ ਥੱਕ ਗਏ।

19:13-14 ਕਿਉਂਕਿ ਅਸੀਂ **ਏਸ ਥਾਂ ਨੂੰ** ਏਸ ਲਈ **ਨਸ਼ਟ ਕਰਨ** ਵਾਲੇ ਹਾਂ ਕਿ ਓਹਨਾਂ ਦੀ ਹੁੱਗ ਯਹੋਵਾਹ ਦੇ ਅੱਗੇ ਬਹੁਤ ਵਧ ਗਈ ਹੈ ਅਤੇ ਯਹੋਵਾਹ ਨੇ ਸਾਨੂੰ ਇਹ ਦੇ ਨਸ਼ਟ ਕਰਨ ਲਈ ਘੱਲਿਆ ਹੈ।

16-17 ਤਾਂ ਉਨ੍ਹਾਂ ਮਨੁੱਖਾਂ ਨੇ **ਯਹੋਵਾਹ ਦੀ ਕਿਰਪਾ ਦੇ ਕਾਰਨ ਜੋ ਉਸ ਦੇ ਉੱਤੇ ਸੀ ਉਹ ਦੇ ਹੱਥ ਅਰ ਉਹ ਦੀ ਤੀਵੀਂ ਦੇ ਹੱਥ ਅਰ ਉਹ ਦੀਆਂ ਦੋਹਾਂ ਧੀਆਂ ਦੇ ਹੱਥਾਂ ਨੂੰ ਫੜਕੇ ਉਨ੍ਹਾਂ ਨੂੰ ਬਾਹਰ** ਪੁਚਾ ਦਿੱਤਾ।

- ਆਸ ਹੈ ਕਿ ਇਹ ਨਿਆਂ ਤੋਂ ਪਹਿਲਾਂ ਕਲੀਸਿਯਾ ਦੇ ਕੂਚ ਕਰਨ ਨੂੰ ਦਰਸਾਉਂਦਾ ਹੈ।

- ਸਾਨੂੰ ਵੀ ਆਪਣੇ ਦਰਮਿਆਨ ਉਨ੍ਹਾਂ ਲੋਕਾਂ ਦੇ ਪ੍ਰਤੀ ਇਹੋ ਜਿਹਾ ਹੀ ਤਰਸ ਵਿਖਾਉਣ ਚਾਹੀਦਾ ਹੈ ਜਿਹੜੇ ਦੁਸ਼ਟ ਆਤਮਾਵਾਂ ਦੇ ਜਕੜੇ ਹੋਏ ਹਨ। ਸਾਨੂੰ ਚਾਹੀਦਾ ਹੈ ਕਿ ਅਸੀਂ ਉਨ੍ਹਾਂ ਦਾ ਹੱਥ ਫੜ ਕੇ ਜਿਵੇਂ ਵੀ ਹੋ ਸਕੇ ਉਨ੍ਹਾਂ ਨੂੰ ਬਾਹਰ ਖਿੱਚ ਲਿਆਈਏ ਅਤੇ ਅਜ਼ਾਦ ਕਰੀਏ।

- **ਲੂਤ** ਨੇ ਆਪਣੇ ਪਰਿਵਾਰ ਨੂੰ ਇਸ ਤਰ੍ਹਾਂ ਦੀ ਦੁਸ਼ਟਤਾ ਅਰਥਾਤ ਭ੍ਰਿਸ਼ਟ ਅਨੈਤਿਕਤਾ ਦੇ ਸੰਪਰਕ ਵਿੱਚ ਆਉਣ ਦਿੱਤਾ ਜਿਸ ਦੇ ਬਹੁਤ ਬੁਰੇ ਨਤੀਜੇ ਨਿੱਕਲੇ। 19:26 ਪਰ ਉਸ ਦੀ ਤੀਵੀਂ ਨੇ **ਪਿੱਛੇ ਮੁੜਕੇ ਡਿੱਠਾ** (ਕਿਉਂਕਿ ਉਹ ਜਾਣਾ ਨਹੀਂ ਚਾਹੁੰਦੀ ਸੀ) ਤਾਂ ਉਹ ਲੂਣ ਦਾ ਥੰਮ੍ਹ ਬਣ ਗਈ। ਅਤੇ ਉਸ ਦੀਆਂ ਧੀਆਂ: 19:36 ਸੋ ਲੂਤ ਦੀਆਂ ਦੋਵੇਂ ਧੀਆਂ ਆਪਣੇ ਪਿਤਾ ਤੋਂ ਗਰਭਣੀਆਂ ਹੋਈਆਂ।

- ਲੂਤ ਦੀ ਪਤਨੀ **ਸਾਡੇ ਸਾਰਿਆਂ ਲਈ ਇੱਕ ਉਦਾਹਰਣ** ਹੈ ਕਿ ਇੱਕ ਵਾਰ ਜਦੋਂ ਪ੍ਰਭੂ "ਸਾਨੂੰ ਦੁਸ਼ਟਤਾ ਤੋਂ ਛੁਡਾ ਦਿੰਦਾ" ਹੈ ਤਾਂ ਜੇ ਅਸੀਂ ਅਤੀਤ ਦੀਆਂ ਅਨੈਤਿਕ ਚੀਜ਼ਾਂ ਦੀ ਇੱਛਾ ਰੱਖਦੇ ਹੋਏ ਪਿੱਛੇ ਮੁੜ ਕੇ ਵੇਖਦੇ ਹਾਂ ਤਾਂ ਇਹ ਪ੍ਰਭੂ ਨੂੰ ਬਹੁਤ ਬੁਰਾ ਲੱਗਦਾ ਹੈ ਅਤੇ ਇਸ ਦੇ ਭਿਆਨਕ ਨਤੀਜੇ ਨਿੱਕਲਣਗੇ। ਲੂਕਾ 17:26-35 ਲੂਤ ਦੀ ਤੀਵੀਂ ਨੂੰ ਚੇਤੇ ਰੱਖੋ।

ਇਹ ਸਭ ਕੁਝ ਉਨ੍ਹਾਂ ਦੇ ਪਿਤਾ ਦੇ ਫੈਸਲੇ ਦੇ ਕਾਰਣ ਹੋਇਆ . . . ਅੱਜ ਬਹੁਤ ਸਾਰੇ ਲੋਕ ਆਪਣੇ ਪਿਤਾ ਦੇ ਫੈਸਲੇ ਦੇ ਨਤੀਜੇ ਭੁਗਤ ਰਹੇ ਹਨ . . . ਜਾਂ ਪਰਿਵਾਰ ਦੇ ਦੂਜੇ ਮੈਂਬਰਾਂ, ਮਿੱਤਰਾਂ, ਸਾਥੀਆਂ ਜਾਂ ਅਜਿਹੇ ਅਜਨਬੀਆਂ ਦੇ ਕੰਮਾਂ ਦੇ ਨਤੀਜੇ ਭੁਗਤ ਰਹੇ ਹਨ ਜਿਨ੍ਹਾਂ ਨੇ ਪੋਰਨੋਗ੍ਰਾਫੀ ਜਾਂ ਇਸ ਤਰ੍ਹਾਂ ਦੇ ਹੋਰ ਕੰਮਾਂ ਦੇ ਰਾਹੀਂ ਇਨ੍ਹਾਂ ਦੁਸ਼ਟ ਆਤਮਾਵਾਂ ਦੇ ਸਾਹਮਣੇ ਗੋਡੇ ਟੇਕ ਦਿੱਤੇ।

- ਇਨ੍ਹਾਂ ਦੁਸ਼ਟ ਆਤਮਾਵਾਂ ਦੁਆਰਾ ਪ੍ਰੋਤਸਾਹਿਤ ਕੀਤੀ ਜਾਣ ਵਾਲੀ ਕਾਮਨਾ ਦੇ ਸਾਹਮਣੇ ਗੋਡੇ ਟੇਕਣਾ ਸਦੂਮ ਵੱਲ ਕਦਮ ਪੁੱਟਣਾ ਹੈ ਜਿਸ ਦੇ ਨਤੀਜੇ ਬੇਹੱਦ ਭਿਆਨਕ ਹਨ।

ਅਮਰੀਕਾ ਅੱਜ "ਸਦੂਮ ਵੱਲ ਨੂੰ ਵਧ ਤੁਰਿਆ" ਹੈ। ਇਨ੍ਹਾਂ ਦੁਸ਼ਟ ਆਤਮਾਵਾਂ ਦੀ ਕਾਮੁਕ ਅਤੇ ਭ੍ਰਿਸ਼ਟ ਜਿਨਸੀ ਅਨੈਤਿਕਤਾ ਆਪਣੇ ਪੂਰੇ ਜ਼ੋਰ 'ਤੇ ਹੈ ਅਤੇ ਨਾਵਿਸ਼ਵਾਸ ਕਰਨ ਯੋਗ ਅਤੇ ਬਹੁਤ ਹੀ ਸ਼ਕਤੀਸ਼ਾਲੀ ਤਰੀਕੇ ਨਾਲ ਹਰ ਪਾਸੇ ਪ੍ਰੋਤਸਾਹਿਤ ਕੀਤੀ ਜਾ ਰਹੀ ਹੈ ਜਿਵੇਂ ਕਿ: ਸਮਲਿੰਗੀ ਗਤੀਵਿਧੀਆਂ ਅਤੇ ਵਿਆਹ, ਵਿਪਰੀਤਲਿੰਗੀ ਗਤੀਵਿਧੀਆਂ, ਪੁਰਸ਼ ਅਤੇ ਔਰਤਾਂ ਲਈ ਇੱਕੋ ਗੁਸਲਖਾਨੇ ਅਤੇ ਨਹਾਉਣ ਦੇ ਸਥਾਨ। ਕਈ ਸਕੂਲਾਂ ਵਿੱਚ ਤਾਂ ਬੱਚਿਆਂ ਨੂੰ ਸਮਲਿੰਗੀ ਅਤੇ ਵਿਪਰੀਤਲਿੰਗੀ ਜੀਵਨਸ਼ੈਲੀਆਂ ਬਾਰੇ ਵਿਸ਼ੇ ਪੜ੍ਹਾਏ ਜਾ ਰਹੇ ਹਨ, ਅਤੇ ਹਰ ਤਰ੍ਹਾਂ ਦੇ ਸੰਭਾਵਤ ਮੀਡੀਆ ਦੁਆਰਾ ਇਸ ਤਰ੍ਹਾਂ ਦਾ ਬਹੁਤ ਕੁਝ ਕੀਤਾ ਜਾ ਰਿਹਾ ਹੈ। ਜਿਸ ਤਰ੍ਹਾਂ ਨੂਹ ਦੇ ਦਿਨਾਂ ਵਿੱਚ ਹੋਇਆ

ਮੈਂ ਚਾਹਾਂਗਾ ਕਿ ਰੋਮੀਆਂ 1 ਅਧਿਆਏ ਸਾਨੂੰ ਇਸ ਦੇ ਬਾਰੇ ਦੱਸੇ:

**ਰੋਮੀਆਂ 1:26-32** ਇਸੇ ਕਾਰਨ ਪਰਮੇਸ਼ੁਰ ਨੇ ਉਨ੍ਹਾਂ ਨੂੰ **ਨੀਚ ਵਾਸਨਾ** ਦੇ ਵੱਸ ਕਰ ਦਿੱਤਾ ਕਿਉਂ ਜੋ ਉਨ੍ਹਾਂ ਦੀਆਂ **ਨਾਰਾਂ** ਨੇ ਆਪਣੇ ਸੁਭਾਵਕ ਕੰਮ ਨੂੰ ਉਹ ਦੇ ਨਾਲ ਵਟਾ ਦਿੱਤਾ ਜਿਹੜਾ ਸੁਭਾਉ ਦੇ ਵਿਰੁੱਧ ਹੈ। 27 "ਇਸੇ ਤਰਾਂ **ਨਰ ਵੀ** ਨਾਰੀਆਂ ਨਾਲ ਸੁਭਾਵਕ ਕੰਮ ਛੱਡ ਕੇ **ਆਪੋ ਵਿੱਚੀਂ ਆਪਣੀ ਕਾਮਨਾਂ ਵਿੱਚ ਸੜ ਗਏ**, [ਜਿਸ ਤਰ੍ਹਾਂ **ਨੂਹ ਦੇ ਦਿਨਾਂ** ਵਿੱਚ ਹੋਇਆ] ਨਰਾਂ ਨੇ ਨਰਾਂ ਨਾਲ ਮੁਕਾਲਕ ਦੇ ਕੰਮ ਕੀਤੇ ਅਤੇ ਆਪਣੇ ਆਪ ਵਿੱਚੀਂ ਆਪਣੀ ਭੁੱਲ ਦੇ ਜੋਗ ਫਲ ਭੋਗਿਆ।" 28 ਜਿਵੇਂ ਪਰਮੇਸ਼ੁਰ ਨੂੰ ਆਪਣੀ ਪਛਾਣ ਵਿੱਚ ਰੱਖਣਾ ਉਨ੍ਹਾਂ ਨੂੰ ਚੰਗਾ ਨਾ ਲੱਗਾ ਓਵੇਂ ਪਰਮੇਸ਼ੁਰ ਨੇ ਉਨ੍ਹਾਂ ਨੂੰ **ਮੰਦੀ ਬੁੱਧ** ਦੇ ਵੱਸ ਕਰ ਦਿੱਤਾ ਭਈ ਨਖਿੱਧ ਕੰਮ ਕਰਨ। 29 "ਓਹ ਹਰ ਪਰਕਾਰ **ਦੇ ਕੁਧਰਮ, ਬਦੀ, ਲੋਭ ਅਤੇ ਬੁਰਿਆਈ ਨਾਲ ਭਰੇ ਹੋਏ ਸਨ। ਖਾਰ, ਘਾਤ, ਝਗੜੇ, ਛਲ ਅਤੇ ਬਦਨੀਤੀ ਨਾਲ ਭਰਪੂਰ** ਹੋ ਗਏ। **ਲਾਵੇ ਲੁਤਰੇ, " 30 "ਨਿੰਦਕ, ਪਰਮੇਸ਼ੁਰ ਦੇ ਵੈਰੀ, ਧੱਕੇ ਖੋਰੇ, ਹੰਕਾਰੀ, ਸ਼ੇਖੀਬਾਜ਼, ਬਦੀਆਂ ਦੇ ਉਸਤਾਦ, ਮਾਪਿਆਂ ਦੇ ਅਣਆਗਿਆਕਾਰ, " 31 "ਨਿਰਬੁੱਧ, ਨੇਮ ਤੋੜਨ ਵਾਲੇ, ਨਿਰਮੋਹ ਅਤੇ ਨਿਰਦਈ ਹੋਏ**।" 32 ਅਤੇ ਓਹ ਪਰਮੇਸ਼ੁਰ ਦੀ ਬਿਧੀ ਜਾਣ ਕੇ ਭਈ ਏਹੋ ਜੇਹੇ ਕੰਮ ਕਰਨ ਵਾਲੇ ਮਰਨ ਦੇ ਜੋਗ ਹਨ ਨਿਰੇ ਆਪ ਹੀ ਨਹੀਂ ਕਰਦੇ ਸਗੋਂ ਕਰਨ ਵਾਲਿਆਂ ਤੋਂ ਵੀ ਪਰਸੰਨ ਹੁੰਦੇ ਹਨ।

2 ਕੁਰਿੰਥੀਆਂ 6:16-18 ਅਤੇ ਪਰਮੇਸ਼ੁਰ ਦੀ ਹੈਕਲ ਨੂੰ ਮੂਰਤੀਆਂ ਨਾਲ ਕੀ ਵਾਸਤਾ ਹੈ? ਅਸੀਂ ਤਾਂ ਅਕਾਲ ਪੁਰਖ ਦੀ ਹੈਕਲ ਹਾਂ ਜਿਵੇਂ ਪਰਮੇਸ਼ੁਰ ਨੇ ਬਚਨ ਕੀਤਾ— ਮੈਂ ਓਹਨਾਂ ਵਿੱਚ ਵਾਸ ਕਰਾਂਗਾ ਅਤੇ ਫਿਰਿਆ ਕਰਾਂਗਾ, ਮੈਂ ਓਹਨਾਂ ਦਾ ਪਰਮੇਸ਼ੁਰ ਹੋਵਾਂਗਾ, ਅਤੇ ਓਹ ਮੇਰੀ ਪਰਜਾ ਹੋਣਗੇ। 17 ਇਸ ਲਈ **ਉਨ੍ਹਾਂ ਵਿੱਚੋਂ ਨਿੱਕਲ ਆਓ ਅਤੇ ਅੱਡ ਹੋਵੋ, ਪ੍ਰਭੂ ਆਖਦਾ ਹੈ, ਅਤੇ ਕਿਸੇ ਭ੍ਰਿਸ਼ਟ ਵਸਤ ਨੂੰ ਹੱਥ ਨਾ ਲਾਓ**, ਮੈਂ ਤੁਹਾਨੂੰ ਕਬੂਲ ਕਰ ਲਵਾਂਗਾ, 18 ਅਰ ਤੁਹਾਡਾ ਪਿਤਾ ਹੋਵਾਂਗਾ ਅਤੇ ਤੁਸੀਂ ਮੇਰੇ ਪੁੱਤ੍ਰ ਧੀਆਂ ਹੋਵੋਗੇ। ਇਹ ਬਚਨ ਸਰਬ ਸ਼ਕਤੀਮਾਨ ਪ੍ਰਭੂ ਦਾ ਹੈ।

2 ਪਤਰਸ 2:4-15 ਕਿਉਂਕਿ ਜਦੋਂ ਪਰਮੇਸ਼ੁਰ ਨੇ ਦੂਤਾਂ ਨੂੰ ਜਿਸ ਵੇਲੇ ਉਨ੍ਹਾਂ ਪਾਪ ਕੀਤਾ ਨਾ ਛੱਡਿਆ ਸਗੋਂ ਓਹਨਾਂ ਨੂੰ ਨਰਕ ਵਿੱਚ ਸੁੱਟ ਕੇ ਅੰਧਕੂਪਾਂ ਵਿੱਚ ਪਾ ਦਿੱਤਾ ਭਈ ਨਿਆਉਂ ਦੇ ਲਈ ਕਾਬੂ ਰਹਿਣ। ਅਤੇ ਨਾ ਪੁਰਾਣੇ ਸੰਸਾਰ ਨੂੰ ਛੱਡਿਆ ਸਗੋਂ ਜਿਸ ਵੇਲੇ ਕੁਧਰਮੀਆਂ ਦੇ ਸੰਸਾਰ ਉੱਤੇ ਪਰਲੋ-ਆਂਦੀ ਤਾਂ ਨੂਹ ਨੂੰ ਜਿਹੜਾ **ਧਰਮ** ਦਾ ਪਰਚਾਰਕ ਸੀ ਸੱਤਾਂ ਹੋਰਨਾਂ ਸਣੇ ਬਚਾ ਲਿਆ। ਅਤੇ ਸਦੂਮ ਅਤੇ ਅਮੂਰਾਹ ਦੇ **ਨਗਰਾਂ ਨੂੰ** ਸੁਆਹ ਕਰ ਕੇ ਢਾਹ ਸੁੱਟਣ ਦਾ **ਹੁਕਮ ਦਿੱਤਾ** ਅਤੇ ਉਨ੍ਹਾਂ ਨੂੰ ਉਹ ਦੇ ਪਿੱਛੋਂ ਦੇ **ਕੁਧਰਮੀਆਂ** ਲਈ ਇੱਕ **ਨਮੂਨਾ** ਠਹਿਰਾ ਛੱਡਿਆ ਹੈ। ਅਤੇ **ਲੂਤ ਨੂੰ ਜਿਹੜਾ ਧਰਮੀ ਸੀ** ਦੁਸ਼ਟਾਂ ਦੇ ਲੁੱਚਪੁਣੇ ਦੀ ਚਾਲ ਤੋਂ ਜਿੱਚ ਹੁੰਦਾ ਸੀ **ਬਚਾ ਲਿਆ**। (ਕਿਉਂ ਜੋ ਉਹ **ਧਰਮੀ ਪੁਰਖ** ਉਨ੍ਹਾਂ ਵਿੱਚ ਵਸਦਿਆਂ ਵੇਖ ਸੁਣ ਕੇ ਦਿਨੋ ਦਿਨ ਆਪਣੀ ਧਰਮੀ ਜਾਨ ਨੂੰ ਉਨ੍ਹਾਂ ਦਿਆਂ ਭੈੜਿਆਂ ਕਰਮਾਂ ਤੋਂ ਦੁਖੀ ਕਰਦਾ ਸੀ) ਤਾਂ **ਪ੍ਰਭੂ ਭਗਤਾਂ ਨੂੰ ਪਰਤਾਵੇ ਵਿੱਚੋਂ ਕੱਢਣਾ** ਅਤੇ ਕੁਧਰਮੀਆਂ ਨੂੰ ਨਿਆਉਂ ਦੇ ਦਿਨ ਤੀਕ ਸਜ਼ਾ ਹੇਠ ਰੱਖਣਾ **ਜਾਣਦਾ ਹੈ**! ਪਰ **ਬਹੁਤ ਕਰਕੇ ਉਨ੍ਹਾਂ ਨੂੰ** ਜਿਹੜੇ **ਸਰੀਰ** ਦੇ ਅਨੁਸਾਰ **ਗੰਦੀ ਕਾਮਨਾ ਵਿੱਚ ਚੱਲਦੇ ਹਨ** ਅਤੇ ਹਕੂਮਤ ਨੂੰ ਤੁੱਛ ਜਾਣਦੇ ਹਨ। **. . .** ਪਰ ਏਹ ਲੋਕ ਉਨ੍ਹਾਂ **ਪਸੂਆਂ** ਦੀ ਨਿਆਈਂ ਜਿਹੜੇ **ਅਸਲੋਂ ਬੁੱਧਹੀਣ** ਹਨ ਅਤੇ ਸ਼ਿਕਾਰ ਕੀਤੇ ਜਾਣ ਅਤੇ ਨਸ਼ਟ ਹੋਣ ਲਈ ਉਤਪਤ ਹੋਏ ਜਿਨ੍ਹਾਂ ਗੱਲਾਂ ਨੂੰ ਨਹੀਂ ਸਮਝਦੇ ਹਨ ਏਹਨਾਂ ਦੇ ਵਿਖੇ ਕੁਫ਼ਰ ਬਕਦੇ ਹੋਏ ਉਨ੍ਹਾਂ ਦੇ ਨਾਸ ਕਰਨ ਨਾਲ ਆਪੇ ਨਾਸ ਹੋਣਗੇ ਅਤੇ ਕੁਧਰਮ ਕਰਕੇ ਕੁਧਰਮ ਦਾ ਫਲ ਭੋਗਣਗੇ। "ਦਿਨੇ ਓਹ ਭੋਗ ਬਿਲਾਸ ਵਿੱਚ ਖੁਸ਼ ਹੁੰਦੇ ਹਨ, ਓਹ ਕਲੰਕ ਅਤੇ ਦਾਗ ਹਨ ਅਤੇ ਭਾਵੇਂ ਤੁਹਾਡੇ ਨਾਲ ਖਾਂਦੇ ਪੀਂਦੇ ਹਨ ਪਰ ਆਪਣਿਆਂ ਪ੍ਰੇਮ ਭੋਜਨਾਂ ਵਿੱਚ ਭੋਗ ਬਿਲਾਸ ਕਰਦੇ ਹਨ। " ਉਨ੍ਹਾਂ ਦੀਆਂ ਅੱਖਾਂ **ਵਿਭਚਾਰਣ ਵੱਲ ਲੱਗੀਆਂ** ਹੋਈਆਂ ਹਨ ਅਤੇ **ਪਾਪ ਵੱਲੋਂ ਰੁਕ ਹੀ ਨਹੀਂ ਸੱਕਦੀਆਂ**। ਓਹ ਡੋਲਣ ਵਾਲੇ ਜੀਵਾਂ ਨੂੰ **ਭੁਚਲਾਉਂਦੇ** ਹਨ। ਉਨ੍ਹਾਂ ਦੇ ਮਨ ਲੋਭ ਵਿੱਚ ਪੱਕੇ ਹੋਏ ਹੋਏ ਹਨ। ਓਹ ਸਰਾਪ ਦੇ ਪੁੱਤ੍ਰ ਹਨ! ਓਹ ਸਿੱਧੇ ਰਾਹ ਨੂੰ ਛੱਡ ਕੇ ਕੁਰਾਹ ਪੈ ਗਏ ਅਤੇ ਬਿਓਰ ਦੇ ਪੁੱਤ੍ਰ ਬਿਲਆਮ ਦੇ ਮਾਰਗ ਹੋ ਤੁਰੇ ਜਿਹ ਨੇ ਕੁਧਰਮ ਦੀ ਮਜੂਰੀ ਨੂੰ ਪਿਆਰਾ ਜਾਤਾ।

ਅਫ਼ਸੀਆਂ 4:27 **ਅਤੇ ਨਾ ਸ਼ਤਾਨ ਨੂੰ ਥਾਂ ਦਿਓ।**

ਇਹ ਵੀ ਵੇਖੋ: 1 ਤਿਮੋਥਿਉਸ 3:7; 6:9; 2 ਤਿਮੋਥਿਉਸ 2:26

**2 ਕੁਰਿੰਥੀਆਂ 11:14-15** . . . ਕਿਉਂ ਜੋ **ਸ਼ਤਾਨ ਵੀ ਆਪਣੇ ਰੂਪ ਨੂੰ ਚਾਨਣ ਦੇ ਦੂਤ ਦੇ ਰੂਪ ਵਿੱਚ ਵਟਾਉਂਦਾ ਹੈ।** [15] ਇਸ ਲਈ ਜੇ **ਉਹ ਦੇ ਸੇਵਕ ਆਪਣੇ ਰੂਪ ਨੂੰ** ਧਰਮ ਦੇ ਸੇਵਕਾਂ ਦੇ ਰੂਪ ਵਿੱਚ **ਵਟਾਉਂਦੇ ਹਨ** ਤਾਂ ਕੋਈ ਵੱਡੀ ਗੱਲ ਨਹੀਂ ਪਰ ਉਨ੍ਹਾਂ ਦਾ ਅੰਤ ਉਨ੍ਹਾਂ ਦੀਆਂ ਕਰਨੀਆਂ ਦੇ ਅਨੁਸਾਰ ਹੋਵੇਗਾ।

ਪਤਰਸ ਸਾਨੂੰ ਚਿਤਾਵਨੀ ਦਿੰਦਾ ਹੈ:

**1 ਪਤਰਸ 5:8** "**ਸੁਚੇਤ ਹੋਵੋ**, ਜਾਗਦੇ ਰਹੋ ! ਤੁਹਾਡਾ ਵਿਰੋਧੀ ਸ਼ਤਾਨ ਬੁਕਦੇ ਸ਼ੀਂਹ ਵਾਂਙੁ ਭਾਲਦਾ ਫਿਰਦਾ ਹੈ ਭਈ **ਕਿਹ ਨੂੰ ਪਾੜ ਖਾਵਾਂ**!" ਉਸ ਨੂੰ ਜ਼ਰਾ ਵੀ ਥਾਂ ਦੇਣਾ . . .

**ਸ਼ਤਾਨ ਅਤੇ ਇਹ ਸ਼ਤਾਨੀ ਆਤਮਾਵਾਂ ਬਹੁਤ ਚਲਾਕ ਅਤੇ ਜਾਲਸਾਜ਼ ਹਨ।**

ਇਹ ਸਾਨੂੰ ਲੁਭਾਉਣ, ਲਲਚਾਉਣ ਅਤੇ ਫਸਾਉਣ ਲਈ ਸਾਡੇ ਪੁਰਾਣੇ ਪਤਿਤ ਸੁਭਾਅ ਦੀ ਕਾਮਨਾ ਦਾ ਇਸਤੇਮਾਲ ਕਰਦੀਆਂ ਹਨ। ਇਸ ਦੀ ਸ਼ੁਰੂਆਤ ਅਕਸਰ ਛੋਟੀ ਉਮਰੇ ਹੁੰਦੀ ਹੈ ਜਦੋਂ ਆਪਣੇ ਤੋਂ ਕਿਸੇ ਵੱਡੇ ਦੁਆਰਾ ਜਿਨਸੀ ਸ਼ੋਸ਼ਣ ਕੀਤਾ ਜਾਂਦਾ ਹੈ ਜਾਂ ਫਿਰ ਪੋਰਨੋਗ੍ਰਾਫੀ ਦੇ ਦੁਆਰਾ ਜੋ ਕਿ ਰਸਾਲਿਆਂ, ਔਨਲਾਈਨ, ਟੈਲੀਵਿਜ਼ਨ ਅਤੇ ਫਿਲਮਾਂ ਰਾਹੀਂ ਬੇਮੁਹਾਰੇ ਪਰੋਸੀ ਜਾ ਰਹੀ ਹੈ।

ਦਿਮਾਗ ਵਿੱਚ ਬੈਠ ਚੁੱਕੀਆਂ ਤਸਵੀਰਾਂ ਨੂੰ ਆਪਣੇ ਮਨ ਵਿੱਚੋਂ ਕੱਢਣਾ ਲਗਭਗ ਅਸੰਭਵ ਹੈ।

ਪਿਤਾਵਾਂ ਨੂੰ ਆਪਣੀਆਂ ਅਤੇ ਆਪਣੇ ਬੱਚਿਆਂ ਦੀਆਂ ਅੱਖਾਂ ਦੀ ਰਾਖੀ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਇਨ੍ਹਾਂ ਗੱਲਾਂ ਦੇ ਖਤਰਿਆਂ ਅਤੇ ਭਿਆਨਕ ਨਤੀਜਿਆਂ ਨੂੰ ਸਮਝਣ ਵਿੱਚ ਮਦਦ ਕਰਨੀ ਚਾਹੀਦੀ ਹੈ।

ਰੋਮੀਆਂ 7:5 ਜਦ ਅਸੀਂ **ਸਰੀਰਕ ਸਾਂ** ਤਦ **ਪਾਪਾਂ ਦੀਆਂ ਕਾਮਨਾਂ** ਜੋ ਸ਼ਰਾ ਦੇ ਕਾਰਨ ਸਨ ਸਾਡੇ ਅੰਗਾਂ ਵਿੱਚ ਪ੍ਰੇਰਨਾ ਕਰਦੀਆਂ ਸਨ ਭਈ ਮੌਤ ਦੇ ਲਈ ਫਲ ਦੇਣ।

**ਧੋਖਾ ਨਾ ਖਾਓ**, ਉਹ **ਤੁਹਾਡੇ ਸਾਹਮਣੇ ਵੀ ਆਵੇਗਾ ਜਿਵੇਂ ਉਹ ਆਦਮ** ਅਤੇ **ਯਿਸੂ ਦੇ ਸਾਹਮਣੇ ਆਇਆ। ਸਾਵਧਾਨ ਰਹੋ:** "ਤੁਸੀਂ ਉਸੇ ਦੇ ਦਾਸ ਹੋ ਜਿਹ ਦੀ ਆਗਿਆ ਮੰਨਦੇ ਹੋ।" ਰੋਮੀਆਂ 6:16 **ਅਤੇ ਅਣਆਗਿਆਕਾਰੀ ਦਾ ਹਰੇਕ ਕੰਮ ਉਨ੍ਹਾਂ ਗੱਲਾਂ ਨੂੰ ਮਜ਼ਬੂਤੀ ਦਿੰਦਾ ਹੈ** . . .

ਯਿਸੂ ਨੇ ਵੈਰੀ ਦੇ ਸੁਝਾਵਾਂ ਦਾ ਸਾਹਮਣਾ ਕਰਨ ਲਈ ਅਤੇ ਸੁਧਾਰਨ ਲਈ ਵਚਨ ਦੇ ਦੁਆਰਾ ਉੱਤਰ ਦਿੱਤਾ। ਤੁਹਾਨੂੰ ਉਤਪਤ ਤੋਂ ਲੈ ਕੇ ਪਰਕਾਸ਼ ਦੀ ਪੋਥੀ ਤਕ **ਵਚਨ ਦਾ ਪਤਾ ਹੋਣਾ ਚਾਹੀਦਾ ਹੈ**।

ਤੁਹਾਨੂੰ ਆਇਤਾਂ **ਮੂੰਹਜ਼ਬਾਨੀ** ਯਾਦ ਹੋਣੀਆਂ **ਚਾਹੀਦੀਆਂ** ਹਨ, ਤਾਂਕਿ ਜਦੋਂ ਵੀ ਤੁਸੀਂ ਲਲਚਾਏ ਜਾਓ ਜਾਂ ਬੁਰੇ ਵਿਚਾਰ ਤੁਹਾਡੇ ਮਨ ਵਿੱਚ ਆਉਣ ਤਾਂ ਇਹ ਆਇਤਾਂ ਤੁਰੰਤ ਤੁਹਾਡੇ ਵਿਚਾਰਾਂ ਨੂੰ ਆਪਣੇ ਕਬਜ਼ੇ ਵਿੱਚ ਲੈ ਲੈਣ।

**2 ਕੁਰਿੰਥੀਆਂ 10:4-6** ਇਸ ਲਈ ਜੋ ਸਾਡੇ **ਜੁੱਧ ਦੇ ਸ਼ਸਤ੍ਰ** ਸਰੀਰਕ ਨਹੀਂ ਸਗੋਂ **ਪਰਮੇਸ਼ੁਰ ਦੇ ਭਾਣੇ ਕਿਲ੍ਹਿਆਂ ਦੇ ਢਾਹ ਦੇਣ ਲਈ ਡਾਢੇ ਤਕੜੇ** ਹਨ। ਸੋ ਅਸੀਂ **ਵਹਿਮਾਂ** ਨੂੰ ਅਤੇ ਹਰ ਇੱਕ ਉੱਚੀ ਗੱਲ ਨੂੰ ਜਿਹੜੀ ਪਰਮੇਸ਼ੁਰ ਦੇ ਗਿਆਨ ਦੇ ਵਿਰੁੱਧ ਸਿਰ ਚੁੱਕਦੀ ਹੈ ਢਾਹ ਦਿੰਦੇ ਹਾਂ ਅਤੇ **ਹਰ ਇੱਕ ਖਿਆਲ ਨੂੰ ਬੰਧਨ ਵਿੱਚ ਲਿਆਉਂਦੇ ਹਾਂ ਭਈ ਉਹ ਮਸੀਹ ਦਾ ਆਗਿਆਕਾਰ ਹੋਵੇ**।

ਅੱਜ ਜਿਹੜਾ ਯੁੱਧ ਹੋਰ ਵੀ ਪ੍ਰਚੰਡ ਹੁੰਦਾ ਜਾ ਰਿਹਾ ਹੈ ਉਹ ਆਤਮਿਕ ਯੁੱਧ ਹੀ ਹੈ।

ਪਰ ਜਿਸ ਤਰਾਂ ਨੂਹ ਦੇ ਦਿਨ ਸਨ ਮਨੁੱਖ ਦੇ ਪੁੱਤ੍ਰ ਦਾ ਆਉਣਾ **ਉਸੇ ਤਰਾਂ ਹੋਵੇਗਾ**। ਮੱਤੀ 24:37

ਯਸਾਯਾਹ 5:13 ਏਸ ਲਈ **ਮੇਰੀ ਪਰਜਾ ਬੇਸਮਝੀ ਦੇ ਕਾਰਨ ਅਸੀਰੀ** ਵਿੱਚ ਜਾਂਦੀ ਹੈ।

*(ਨਿਰਵਸਤਰ ਜਾਂ ਨੰਗਾ ਕਰ ਦੇਣਾ ਅਤੇ ਬੰਦੀ ਬਣਾ ਕੇ ਲੈ ਜਾਣਾ)

**ਗਲਾਤੀਆਂ 5:16-26** ਪਰ ਮੈਂ ਆਖਦਾ ਹਾਂ ਤੁਸੀਂ **ਆਤਮਾ ਦੁਆਰਾ ਚੱਲੋ** ਤਾਂ **ਸਰੀਰ ਦੇ ਵਿਸ਼ਿਆਂ** ਨੂੰ ਕਦੇ ਪੂਰਿਆਂ **ਨਾ ਕਰੋਗੇ**।
17 "ਕਿਉਂ ਜੋ **ਸਰੀਰ** ਆਤਮਾ ਦੇ ਵਿਰੁੱਧ, ਅਤੇ ਆਤਮਾ ਸਰੀਰ ਦੇ ਵਿਰੁੱਧ **ਲੋਚਦਾ ਹੈ** ਕਿਉਂ ਜੋ **ਏਹ ਇੱਕ ਦੂਏ ਦੇ ਵਿਰੁੱਧ ਹਨ** ਤਾਂ ਜੋ ਤੁਸੀਂ ਜੋ ਚਾਹੁੰਦੇ ਸੋ ਨਾ ਕਰੋ।"

- ਪਹਿਲਾ ਯੁੱਧ ਜਿਹੜਾ ਸਾਨੂੰ ਲੜਨਾ ਅਤੇ ਜਿੱਤਣਾ ਜ਼ਰੂਰੀ ਹੈ ਉਹ ਹੈ ਅੰਦਰੂਨੀ ਯੁੱਧ। ਆਪਣੇ ਆਪ ਨੂੰ ਪੂਰੀ ਤਰ੍ਹਾਂ ਇਸ ਯੁੱਧ ਵਿੱਚ ਲਗਾ ਦਿਓ।

2 ਤਿਮੋਥਿਉਸ 2:22 "ਪਰ **ਜੁਆਨੀ ਦੀਆਂ ਕਾਮਨਾਂ** ਤੋਂ ਭੱਜ ਅਤੇ ਜਿਹੜੇ **ਸਾਫ਼ ਦਿਲ** ਤੋਂ ਪ੍ਰਭੁ ਦਾ ਨਾਮ ਲੈਂਦੇ ਹਨ ਉਨ੍ਹਾਂ ਨਾਲ **ਧਰਮ, ਨਿਹਚਾ, ਪ੍ਰੇਮ** ਅਤੇ **ਮਿਲਾਪ ਦੇ ਮਗਰ ਲੱਗਾ ਰਹੁ**।"

- ਜ਼ਬੂਰ 51:10 ਨੂੰ ਮੂੰਹਜ਼ਬਾਨੀ ਯਾਦ ਕਰ ਕੇ ਪੂਰਾ ਦਿਨ ਇਸ ਨੂੰ ਬੋਲ ਕੇ ਪ੍ਰਾਰਥਨਾ ਕਰਦੇ ਰਹੋ ਅਤੇ ਹਰੇਕ ਬੁਰੇ ਵਿਚਾਰ ਨੂੰ ਇਸ ਦੇ ਨਾਲ ਬਦਲਣ ਲਈ ਇਸ ਨੂੰ ਬੋਲੋ।

ਅਫ਼ਸੀਆਂ 6:10-13 ਮੁਕਦੀ ਗੱਲ **ਪ੍ਰਭੁ ਵਿੱਚ** ਅਤੇ **ਉਹ ਦੀ ਸ਼ਕਤੀ ਦੇ ਪਰਾਕਰਮ ਵਿੱਚ ਤਕੜੇ ਹੋਵੋ**! **ਪਰਮੇਸ਼ੁਰ ਦੇ ਸਾਰੇ ਸ਼ਸਤ੍ਰ ਬਸਤ੍ਰ** ਧਾਰੋ ਤਾਂ ਜੋ **ਸ਼ਤਾਨ ਦੇ ਛਲ ਛਿੱਦ੍ਰਾਂ ਦੇ ਸਾਹਮਣੇ ਖਲੋ ਸੱਕੋ ਕਿਉਂ ਜੋ** ਸਾਡੀ **ਲੜਾਈ** ਲਹੂ ਅਤੇ ਮਾਸ ਨਾਲ ਨਹੀਂ ਸਗੋਂ **ਹਕੂਮਤਾਂ ਇਖ਼ਤਿਆਰਾਂ** ਅਤੇ **ਇਸ ਅੰਧਘੋਰ ਦੇ ਮਹਾਰਾਜਿਆਂ ਅਤੇ ਦੁਸ਼ਟ ਆਤਮਿਆਂ** ਨਾਲ ਹੁੰਦੀ ਹੈ ਜੋ ਸੁਰਗੀ ਥਾਵਾਂ ਵਿੱਚ ਹਨ। ਇਸ ਕਾਰਨ ਤੁਸੀਂ **ਪਰਮੇਸ਼ੁਰ ਦੇ ਸਾਰੇ ਸ਼ਸਤ੍ਰ ਬਸਤ੍ਰ** ਲੈ ਲਵੋ ਭਈ ਤੁਸੀਂ ਬੁਰੇ ਦਿਨ ਵਿੱਚ **ਸਾਹਮਣਾ ਕਰ ਸੱਕੋ** ਅਤੇ ਸੱਭੋ ਕੁਝ ਮੁਕਾ ਕੇ ਖਲੋ ਸੱਕੋ।

ਸ੍ਰੋਤ: ਪਵਿੱਤਰ ਬਾਈਬਲ / ਜੱਜਮੈਂਟ ਆਫ਼ ਨਫੀਲੀਮ ਬਾਏ ਰਾਯਨ ਪੀਟਰਸਨ

---

## ਅਜਗਰ ਨੂੰ ਹਰਾਉਣ ਲਈ ਰਣਨੀਤੀ ਪੁਸਤਕ

ਇਹ ਨੋਟਸ www.treasurehisword.com ’ਤੇ ਟੀਚਿੰਗ ਨੋਟਸ ਦੇ ਪੇਜ ਨੰਬਰ 3 ’ਤੇ ਮਿਲਦੇ ਹਨ

### I. ਕਾਮਨਾ ਅੱਗ ਉਗਲਣ ਵਾਲਾ ਅਜਗਰ ਹੈ

**ਕਾਮਨਾ ਅੱਗ ਉਗਲਣ ਵਾਲਾ ਉਹ ਅਜਗਰ ਹੈ,** ਜਿਸ ਨੂੰ ਜੇਕਰ ਖੁਰਾਕ ਦਿੱਤੀ ਜਾਵੇ, ਤਾਂ ਉਹ ਛੇਤੀ ਹੀ ਬੇਹੱਦ ਤਾਕਤਵਰ ਬਣ ਜਾਂਦਾ ਹੈ ਅਤੇ ਇਕ ਅਜਿਹੇ ਵੱਡੇ ਦੈਂਤ ਦਾ ਰੂਪ ਲੈ ਲੈਂਦਾ ਹੈ ਜੋ ਤੁਹਾਨੂੰ ਸਾੜ ਸਕਦਾ ਅਤੇ ਨਿਗਲ ਸਕਦਾ ਹੈ। ਇਸ ਦੈਂਤ ਨੂੰ ਉਸ ਸਮੇਂ ਤੱਕ ਭੁੱਖੇ ਮਾਰਨਾ ਬਹੁਤ ਮੁਸ਼ਕਲ ਹੈ ਜਦੋਂ ਤਕ ਕਿ ਇਹ ਇੰਨਾ ਕਮਜ਼ੋਰ ਨਾ ਹੋਆ ਜਾਵੇ ਕਿ ਇਸ ਨੂੰ ਪਿੰਜਰੇ ਵਿਚ ਬੰਦ ਕੀਤਾ ਜਾ ਸਕੇ। ਇਸ ਦੈਂਤ ਨੂੰ ਪਾਲੋ ਨਾ, ਨਹੀਂ ਤਾਂ ਇਹ ਤੁਹਾਨੂੰ ਖਾ ਜਾਵੇਗਾ ਅਤੇ ਤੁਹਾਡੀ ਜ਼ਿੰਦਗੀ ਨੂੰ ਬਰਬਾਦ ਕਰ ਦੇਵੇਗਾ।

ਅਤੇ **ਅਜਗਰ ਨੂੰ . . . ਕ੍ਰੋਧ ਆਇਆ** ਅਤੇ ਉਹ ਦੇ ਵੰਸ ਵਿੱਚੋਂ ਜਿਹੜੇ ਰਹਿੰਦੇ ਅਤੇ ਜਿਹੜੇ ਪਰਮੇਸ਼ੁਰ ਦੀਆਂ ਆਗਿਆਂ ਦੀ ਪਾਲਨਾ ਕਰਦੇ ਅਤੇ ਯਿਸੂ ਦੀ ਸਾਖੀ ਭਰਦੇ ਹਨ ਓਹਨਾਂ ਨਾਲ **ਜੁੱਧ ਕਰਨ** ਨੂੰ ਚੱਲਿਆ ਗਿਆ ਪਰਕਾਸ਼ ਦੀ ਪੋਥੀ 12:17

- ਉਹ ਖਾਸ ਕਰਕੇ ਯਿਸੂ ਮਸੀਹ ਨੂੰ ਮੰਨਣ ਵਾਲਿਆਂ ਨਾਲ ਨਫ਼ਰਤ ਕਰਦਾ ਹੈ ਅਤੇ ਉਨ੍ਹਾਂ ਨੂੰ ਹਰਾਉਣ ਲਈ ਕੁਝ ਵੀ ਕਰ ਸਕਦਾ ਹੈ।

ਪਰਕਾਸ਼ ਦੀ ਪੋਥੀ 16:13-14 **ਅਜਗਰ** ਦੇ ਮੂੰਹ ਵਿੱਚੋਂ **. . .** ਮੈਂ ਡੱਡੂਆਂ ਜੇਹੇ ਤਿੰਨ **ਭ੍ਰਿਸ਼ਟ ਆਤਮੇ** ਨਿੱਕਲਦੇ ਵੇਖੇ; ਕਿਉਂ ਜੋ ਏਹ **. . . ਭੂਤਾਂ ਦੇ ਆਤਮੇ ਹਨ**

- ਅਤੇ ਸਭ ਤੋਂ ਨੀਚ ਅਤੇ ਸਭ ਤੋਂ ਬੁਰਾ **ਕਾਮਨਾ ਦਾ ਭੂਤ** ਹੈ।

- ਅਤੇ ਇਸ ਭੂਤ ਨੂੰ **ਕਦੇ ਵੀ** ਪਾਲਿਆ ਅਤੇ ਉਤਸ਼ਾਹਿਤ **ਨਹੀਂ** ਕੀਤਾ ਜਾਣਾ ਚਾਹੀਦਾ ਜਾਂ ਜ਼ਰਾ ਵੀ ਥਾਂ ਨਹੀਂ ਦਿੱਤੀ ਜਾਣੀ ਚਾਹੀਦੀ, ਨਹੀਂ ਤਾਂ ਉਹ ਤੁਹਾਨੂੰ ਅੰਦਰੋਂ ਬਰਬਾਦ ਕਰ ਦੇਵੇਗਾ।

## ਇਹ ਸਾਡਾ ਯੁੱਧ ਹੈ – ਸਾਡੇ ਲਈ ਇਸ

## **ਅੱਗ ਉਗਲਣ ਵਾਲੇ ਅਜਗਰ** ਨੂੰ ਹਰਾਉਣਾ ਜ਼ਰੂਰੀ ਹੈ

## ਆਖਰੀ ਜਿੱਤ ਪ੍ਰਭੂ ਯਿਸੂ ਮਸੀਹ ਵੱਲੋਂ ਭਵਿੱਖ ਵਿੱਚ ਛੇਤੀ ਹੀ ਹਾਸਲ ਕੀਤੀ ਜਾਵੇਗੀ।

ਪਰਕਾਸ਼ ਦੀ ਪੋਥੀ 20:2-3 ਅਤੇ ਉਹ ਨੇ **ਅਜਗਰ** ਨੂੰ ਅਰਥਾਤ ਓਸ ਪੁਰਾਣੇ ਸੱਪ ਨੂੰ ਜਿਹੜਾ ਇਬਲੀਸ ਅਤੇ ਸ਼ਤਾਨ ਹੈ ਫੜਿਆ ਅਤੇ ਹਜ਼ਾਰ ਵਰ੍ਹੇ ਤੀਕ ਉਹ ਨੂੰ ਜਕੜ ਰੱਖਿਆ। (3) ਅਤੇ ਉਹ ਨੂੰ ਅਥਾਹ ਕੁੰਡ ਵਿੱਚ ਸੁੱਟ ਦਿੱਤਾ ਅਤੇ ਇਹ ਨੂੰ ਮੁੰਦ ਕੇ ਉਹ ਦੇ ਉੱਤੇ ਮੋਹਰ ਲਾਈ ਭਈ ਉਹ ਕੌਮਾਂ ਨੂੰ ਫੇਰ ਨਾ ਭਰਮਾਵੇ ਜਿੰਨਾ ਚਿਰ ਹਜ਼ਾਰ ਵਰ੍ਹਾ ਪੂਰਾ ਨਾ ਹੋ ਲਵੇ। ਇਹ ਦੇ ਮਗਰੋਂ ਜ਼ਰੂਰ ਹੈ ਭਈ ਉਹ ਥੋੜੇ ਚਿਰ ਲਈ ਛੱਡਿਆ ਜਾਵੇ।

ਪਰ ਉਸ ਦਿਨ ਦੇ ਆਉਣ ਤਕ: ਸਾਨੂੰ ਕਾਮਨਾ ਦੇ ਉਸ ਅਜਗਰ ਨਾਲ ਲੜਦੇ ਰਹਿਣਾ ਅਤੇ ਇਸ ਨੂੰ ਜਿੱਤਣਾ ਜ਼ਰੂਰੀ ਹੈ ਜੋ ਸਾਡੇ ਸਰੀਰ ਦੀ ਮਨੁੱਖੀ ਗੁਫਾ ਵਿੱਚ ਰਹਿੰਦਾ ਹੈ।

ਪਰ ਧੰਨਵਾਦ ਹੈ **ਪਰਮੇਸ਼ੁਰ** ਦਾ **ਜੋ** ਸਾਨੂੰ ਸਾਡੇ ਪ੍ਰਭੁ ਯਿਸੂ ਮਸੀਹ ਦੇ ਰਾਹੀਂ **ਫਤਹ ਬਖਸ਼ਦਾ** ਹੈ! "ਸੋ ਹੇ ਮੇਰੇ ਪਿਆਰੇ ਭਰਾਵੋ, ਤੁਸੀਂ **ਇਸਥਿਰ** ਅਤੇ **ਅਡੋਲ ਹੋਵੋ** ਅਤੇ **ਪ੍ਰਭੁ ਦੇ ਕੰਮ ਵਿੱਚ ਸਦਾ ਵਧਦੇ ਜਾਓ** ਕਿਉਂ ਜੋ ਤੁਸੀਂ ਜਾਣਦੇ ਹੋ ਜੋ ਪ੍ਰਭੁ ਵਿੱਚ ਤੁਹਾਡੀ ਮਿਹਨਤ ਥੋਥੀ ਨਹੀਂ ਹੈ।" 1 ਕੁਰਿੰਥੀਆਂ 15:57-58

ਜਿੱਤ ਤੁਹਾਡੀ ਹੈ ਜੇਕਰ ਤੁਸੀਂ ਇਸ ਦੇ ਲਈ ਲੜਨ ਅਤੇ ਇਸ ਨੂੰ ਹਾਸਲ ਕਰਨ ਲਈ ਤਿਆਰ ਹੋ।

**ਪਰਮੇਸ਼ੁਰ ਦੀ ਇੱਛਿਆ ਤੁਹਾਡੀ ਪਵਿੱਤਰਤਾਈ** ਦੀ ਹੈ ਭਈ ਤੁਸੀਂ **ਹਰਾਮਕਾਰੀ ਤੋਂ ਬਚੇ ਰਹੋ**। (4) ਅਤੇ ਤੁਹਾਡੇ ਵਿੱਚੋਂ ਹਰ ਕੋਈ **ਆਪਣੇ ਲਈ ਇਸਤ੍ਰੀ ਨੂੰ** ਪਵਿੱਤਰਤਾਈ ਅਤੇ ਪਤ ਨਾਲ **ਪਰਾਪਤ ਕਰਨਾ ਜਾਣੇ**। (5) **ਨਾ ਕਾਮ ਦੀ ਵਾਸ਼ਨਾ ਨਾਲ** ਪਰਾਈਆਂ ਕੌਮਾਂ ਵਾਂਙੁ ਜਿਨ੍ਹਾਂ ਨੂੰ ਪਰਮੇਸ਼ੁਰ ਦਾ ਗਿਆਨ ਨਹੀਂ। (6) "ਅਤੇ ਕੋਈ ਇਸ ਗੱਲ ਵਿੱਚ ਅਪਰਾਧੀ ਨਾ ਹੋਵੇ, ਨਾ ਆਪਣੇ ਭਾਈ (ਜਾਂ ਭੈਣ) ਨਾਲ ਵਾਧਾ ਕਰੇ ਕਿਉਂ ਜੋ **ਪ੍ਰਭੁ ਇਨ੍ਹਾਂ ਸਭਨਾਂ ਗੱਲਾਂ ਦਾ ਬਦਲਾ ਲੈਣ ਵਾਲਾ ਹੈ** ਜਿਵੇਂ ਅਸਾਂ ਅੱਗੇ ਵੀ ਤੁਹਾਨੂੰ

ਆਖਿਆ ਅਤੇ ਸਾਖੀ ਦਿੱਤੀ ਸੀ।" (7) ਕਿਉਂ ਜੋ ਪਰਮੇਸ਼ੁਰ ਨੇ ਸਾਨੂੰ ਪਲੀਤੀ ਲਈ ਨਹੀਂ ਸਗੋਂ **ਪਵਿੱਤਰਤਾਈ ਵਿੱਚ** ਸੱਦਿਆ। (8) ਉਪਰੰਤ ਜੋ ਕੋਈ **ਇਹ ਨੂੰ ਰੱਦਦਾ ਹੈ** ਸੋ ਮਨੁੱਖ ਨੂੰ ਨਹੀਂ **ਸਗੋਂ ਪਰਮੇਸ਼ੁਰ** ਨੂੰ ਰੱਦਦਾ ਹੈ ਜਿਹੜਾ ਆਪਣਾ ਪਵਿੱਤਰ ਆਤਮਾ ਤੁਹਾਨੂੰ ਦਿੰਦਾ ਹੈ। 1 ਥੱਸਲੁਨੀਕੀਆਂ 4:3-8

ਬਾਈਬਲ ਇਸ ਵਿਸ਼ੇ ਬਾਰੇ ਬਿਲਕੁਲ ਸਪਸ਼ਟ ਹੈ:

**ਅਫ਼ਸੀਆਂ 5:3** ਪਰ **ਹਰਾਮਕਾਰੀ** ਅਤੇ **ਹਰ ਭਾਂਤ ਦੇ ਗੰਦ ਮੰਦ** ਅਥਵਾ ਲੋਭ **ਦਾ ਤੁਹਾਡੇ ਵਿੱਚ ਨਾਉਂ ਵੀ ਨਾ ਹੋਵੇ ਜਿਵੇਂ ਸੰਤਾਂ ਨੂੰ ਜੋਗ ਹੈ।**

**ਮਰਕੁਸ 7:21-23** ਕਿਉਂਕਿ **ਅੰਦਰੋਂ** ਮਨੁੱਖ ਦੇ ਦਿਲ ਵਿੱਚੋਂ **ਬੁਰੇ ਖ਼ਿਆਲ, ਹਰਾਮਕਾਰੀਆਂ,** (22) ਚੋਰੀਆਂ, ਖ਼ੂਨ, **ਜ਼ਨਾਕਾਰੀਆਂ,** ਲੋਭ, **ਬਦੀਆਂ,** ਛਲ, **ਮਸਤੀ,** ਬੁਰੀ ਨਜ਼ਰ, ਕੁਫ਼ਰ, ਹੰਕਾਰ, ਮੂਰਖਤਾਈ ਨਿੱਕਲਦੀ ਹੈ। (23) **ਏਹ** ਸਾਰੀਆਂ ਬੁਰੀਆਂ ਗੱਲਾਂ ਅੰਦਰੋਂ ਨਿੱਕਲਦੀਆਂ ਅਤੇ **ਮਨੁੱਖ ਨੂੰ ਭਰਿਸ਼ਟ ਕਰਦੀਆਂ ਹਨ।**

II. **ਮਨ ਯੁੱਧ ਦਾ ਮੈਦਾਨ ਹੈ** ਅਤੇ **ਆਪਣੇ ਵਿਚਾਰਾਂ ਨੂੰ ਕਾਬੂ ਕਰਨਾ** ਤੁਹਾਡੀ ਜਿੱਤ ਜਾਂ ਹਾਰ ਨੂੰ ਤੈਅ ਕਰੇਗਾ।

ਸ਼ਤਾਨ ਨੇ **ਯਿਸੂ ਦੇ ਮਨ ਵਿੱਚ ਵਿਚਾਰ ਪਾਏ ਅਤੇ ਇਨ੍ਹਾਂ ਵਿਚਾਰਾਂ ਦੇ ਦੁਆਰਾ** ਮਨੁੱਖੀ ਇੱਛਾਵਾਂ ਦੇ ਖੇਤਰ ਵਿੱਚ ਉਸ ਨੂੰ **ਪਰਤਾਇਆ** (ਮੱਤੀ 4:1-11)। ਜੇਕਰ ਯਿਸੂ ਇਨ੍ਹਾਂ ਵਿਚਾਰਾਂ ਵਿੱਚੋਂ ਕਿਸੇ ਇੱਕ ਦੇ ਵੀ ਅਨੁਸਾਰ ਕਰਦਾ ਤਾਂ ਉਹ ਆਪਣੇ ਪਿਤਾ ਦੀ ਅਣਆਗਿਆਕਾਰੀ ਕਰਦਾ ਅਤੇ **ਬੁਰਾਈ ਨੂੰ ਆਪਣੇ ਜੀਵਨ ਵਿੱਚ ਥਾਂ ਦੇਣ ਦੁਆਰਾ** ਸ਼ਤਾਨ ਦੀ ਆਗਿਆਕਾਰੀ ਕਰਦਾ।

**ਇਬਰਾਨੀਆਂ 4:15-16** ਕਿਉਂ ਜੋ ਸਾਡਾ ਪਰਧਾਨ ਜਾਜਕ ਇਹੋ ਜਿਹਾ ਨਹੀਂ ਜੋ **ਸਾਡੀਆਂ ਦੁਰਬਲਤਾਈਆਂ ਵਿੱਚ ਸਾਡਾ ਦਰਦੀ** ਨਾ ਹੋ ਸੱਕੇ ਸਗੋਂ **ਸਾਰੀਆਂ ਗੱਲਾਂ ਵਿੱਚ ਸਾਡੇ ਵਾਂਙੁ ਪਰਤਾਇਆ ਗਿਆ ਪਰ ਉਹ ਪਾਪ ਤੋਂ ਰਹਿਤ ਰਿਹਾ।** (16) "ਇਸ ਲਈ ਆਓ, ਅਸੀਂ **ਕਿਰਪਾ ਦੇ ਸਿੰਘਾਸਣ ਦੇ ਅੱਗੇ** ਦਿਲੇਰੀ ਨਾਲ **ਚੱਲੀਏ** ਭਈ **ਅਸੀਂ ਦਯਾ ਪਰਾਪਤ ਕਰੀਏ ਅਤੇ ਉਹ ਕਿਰਪਾ ਪਾਈਏ ਜੋ ਵੇਲੇ ਸਿਰ ਸਾਡੀ ਸਹਾਇਤਾ ਕਰੇ।**

ਇਸੇ ਤਰ੍ਹਾਂ ਸਾਡਾ ਯੁੱਧ ਦਾ ਮੈਦਾਨ **ਸਾਡਾ ਮਨ** ਹੈ – ਅਰਥਾਤ **ਸਾਡੇ ਵਿਚਾਰ।**

- ਸ਼ਤਾਨ ਹਰ ਢੰਗ ਨਾਲ ਸਾਡੇ ਮਨ ਵਿੱਚ ਕਾਮਨਾ ਦੇ ਵਿਚਾਰ ਪਾਉਣ ਦੀ ਕੋਸ਼ਿਸ਼ ਕਰੇਗਾ।
- ਅਸ਼ਲੀਲ ਸਮੱਗਰੀ ਵੇਖਣਾ (ਪੋਰਨੋਗ੍ਰਾਫੀ) ਕਾਮਨਾ ਦੇ ਅਜਗਰ ਦੀ ਖ਼ੁਰਾਕ ਹੈ।

**2 ਕੁਰਿੰਥੀਆਂ 10:2-6 . . .** ਜਿਹੜੇ ਸਾਨੂੰ **ਸਰੀਰ ਦੇ ਅਨੁਸਾਰ ਚੱਲਣ ਵਾਲੇ** ਜੇਹੇ **ਸਮਝਦੇ** ਹਨ (ਜਿਵੇਂ ਟੈਲੀਵਿਜ਼ਨ ਅਤੇ ਫਿਲਮਾਂ ਵਿੱਚ ਵਿਖਾਇਆ ਜਾਂਦਾ ਹੈ)। (3) ਅਸੀਂ ਭਾਵੇਂ ਸਰੀਰ ਦੇ ਵਿੱਚ ਚੱਲਦੇ ਹਾਂ ਪਰ ਸਰੀਰ ਦੇ ਅਨੁਸਾਰ ਜੁੱਧ ਨਹੀਂ ਕਰਦੇ। (4) ਇਸ ਲਈ ਜੋ **ਸਾਡੇ ਜੁੱਧ ਦੇ ਸ਼ਸਤ੍ਰ** ਸਰੀਰਕ ਨਹੀਂ ਸਗੋਂ ਪਰਮੇਸ਼ੁਰ ਦੇ ਭਾਣੇ **ਕਿਲ੍ਹਿਆਂ** (ਜਿੱਥੇ ਅਜਗਰ ਰਹਿੰਦਾ ਹੈ) **ਦੇ ਢਾਹ ਦੇਣ** ਲਈ ਡਾਢੇ ਤਕੜੇ ਹਨ। (5) ਸੋ ਅਸੀਂ **ਵਹਿਮਾਂ** ਨੂੰ ਅਤੇ ਹਰ ਇੱਕ ਉੱਚੀ ਗੱਲ ਨੂੰ ਜਿਹੜੀ ਪਰਮੇਸ਼ੁਰ ਦੇ ਗਿਆਨ ਦੇ ਵਿਰੁੱਧ ਸਿਰ ਚੁੱਕਦੀ ਹੈ ਢਾਹ ਦਿੰਦੇ ਹਾਂ ਅਤੇ **ਹਰ ਇੱਕ ਖਿਆਲ ਨੂੰ ਬੰਧਨ ਵਿੱਚ ਲਿਆਉਂਦੇ ਹਾਂ ਭਈ ਉਹ ਮਸੀਹ ਦਾ ਆਗਿਆਕਾਰ ਹੋਵੇ।**

"ਅਜਗਰ ਨੂੰ ਹਰਾਉਣਾ" ਨੋਟਸ ਦੇ ਅਧਿਐਨ ਨੂੰ ਜਾਰੀ ਰੱਖਣ ਲਈ ਸਾਡੀ ਇਸ ਵੈਬਸਾਈਟ 'ਤੇ ਜਾਓ: www.treasurehisword.com ਅਤੇ ਪੇਜ 3 ਉੱਤੇ 'ਟੀਚਿੰਗ ਨੋਟਸ' 'ਤੇ ਕਲਿੱਕ ਕਰੋ।

ਹੇਠ ਦਿੱਤਾ ਭਾਗ ਪ੍ਰੋਫੈਸੀ ਨਿਊਜ਼ ਵਾਚ ਵਿੱਚੋਂ ਲਿਆ ਗਿਆ ਹੈ:

ਕੈਲੀਫੋਰਨੀਆ ਦੇ ਇੱਕ ਕਾਲਜ ਦੀ ਇੱਕ ਵੈਬਸਾਈਟ ਦਾ ਕਹਿਣਾ ਹੈ ਕਿ 'ਜਿਨਸੀ ਮੌਜ ਮਸਤੀ' ਅਤੇ ਪੋਰਨ ਵੇਖਣ ਵਿੱਚ ਕੋਈ ਬੁਰਾਈ ਨਹੀਂ ਹੈ . . .

ਵੱਡੀ ਗਿਣਤੀ ਵਿੱਚ ਅਮਰੀਕੀ ਮੰਨਦੇ ਹਨ ਕਿ ਨੈਤਿਕ ਪੱਖੋਂ ਪੋਰਨ ਵਿੱਚ ਕੋਈ ਬੁਰਾਈ ਨਹੀਂ ਹੈ।

ਇਸ ਹਫਤੇ ਜਾਰੀ ਕੀਤੇ ਗਏ ਨਵੇਂ ਗੈਲੱਪ ਸਰਵੇਖਣ ਦੇ ਅਨੁਸਾਰ, 43 ਪ੍ਰਤੀਸ਼ਤ ਅਮਰੀਕੀ ਹੁਣ ਪੋਰਨੋਗ੍ਰਾਫੀ ਨੂੰ "ਨੈਤਿਕ ਤੌਰ 'ਤੇ ਗ੍ਰਹਿਣਯੋਗ" ਮੰਨਦੇ ਹਨ। 2011 ਵਿੱਚ ਗੈਲੱਪ ਦੇ ਕਦਰਾਂ-ਕੀਮਤਾਂ ਅਤੇ ਮਾਨਤਾਵਾਂ ਸੰਬੰਧੀ ਸਰਵੇਖਣ ਸ਼ੁਰੂ ਹੋਣ ਤੋਂ ਬਾਅਦ ਇਹ ਹੁਣ ਤੱਕ ਦਾ ਸਭ ਤੋਂ ਉੱਚਾ ਪ੍ਰਤੀਸ਼ਤ ਹੈ।

ਉਹ ਅਮਰੀਕੀ ਜਿਹੜੇ ਆਪਣੇ ਸੱਭਿਆਚਾਰ ਵਿੱਚ ਨੈਤਿਕ ਬੇਦਾਰੀ ਜਾਂ "ਮੁੜ-ਨਿਰਮਾਣ" ਨੂੰ ਵੇਖਣਾ ਚਾਹੁੰਦੇ ਹਨ ਉਨ੍ਹਾਂ ਨੂੰ ਦੇਸ਼ ਦੇ ਨਾਗਰਿਕਾਂ, ਖਾਸ ਕਰਕੇ ਨੌਜਵਾਨਾਂ ਉੱਤੇ ਪੋਰਨੋਗ੍ਰਾਫੀ ਦੇ ਪ੍ਰਭਾਵ ਨੂੰ ਘਟਾਉਣ ਅਤੇ ਇਸ ਦਾ ਸਾਹਮਣਾ ਕਰਨ ਵਾਸਤੇ **ਜੋ ਹੋ ਸਕੇ ਕਰਨਾ ਚਾਹੀਦਾ ਹੈ।**

ਪੋਰਨੋਗ੍ਰਾਫੀ **ਪਰਾਈਆਂ ਕੌਮਾਂ ਦੀ ਜਿਨਸੀ ਅਨੈਤਿਕਤਾ** ਦਾ ਪ੍ਰਚਾਰ ਅਤੇ ਪ੍ਰਸਾਰ ਹੈ ਅਤੇ ਜੇ ਇਸ ਦਾ ਮੁਕਾਬਲਾ ਨਾ ਕੀਤਾ ਗਿਆ ਅਤੇ ਇਸ ਨੂੰ ਕਾਬੂ ਨਾ ਕੀਤਾ ਗਿਆ ਤਾਂ ਇਹ ਸਾਡੀ ਸੱਭਿਅਤਾ ਨੂੰ ਜਿਨਸੀ ਵਿਗਾੜ ਦੇ ਜਵਾਰਭਾਟੇ ਵਿੱਚ ਡੁਬੋ ਦੇਵੇਗਾ। ਅਮਰੀਕਾ ਵਿੱਚ ਸਥਿਤ ਹਰੇਕ ਚਰਚ, ਮੰਦਰ, ਮਸਜਿਦ ਅਤੇ ਸਭਾ-ਘਰ ਨੂੰ ਜਾਗਰੂਕ ਹੋ ਕੇ ਅਜਿਹੇ ਪੋਰਨੋਗ੍ਰਾਫੀ ਮੁਕਤ ਸੱਭਿਆਚਾਰ ਦਾ ਹਿੱਸਾ ਬਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਜੋ ਆਪਣੇ ਮੈਂਬਰਾਂ ਨੂੰ ਰਵਾਇਤੀ ਤਰੀਕਿਆਂ ਨਾਲ ਪੋਰਨੋਗ੍ਰਾਫੀ ਦੇ ਲੁਭਾਉਣੇ ਪ੍ਰਲੋਭਨਾਂ ਦਾ ਮੁਕਾਬਲਾ ਕਰਨ ਲਈ ਪ੍ਰੇਰਿਤ ਕਰੇ।

ਜਦੋਂ ਕਲੀਸਿਯਾ ਦੇ 68% ਪੁਰਸ਼ ਮੈਂਬਰ ਲਗਾਤਾਰ ਪੋਰਨ ਵੇਖਦੇ ਹੋਣ ਤਾਂ ਕਲੀਸਿਯਾ ਲਈ ਉੱਚੇ ਨੈਤਿਕ ਪੱਧਰ ਦਾ ਦਾਅਵਾ ਕਰਨਾ ਔਖਾ ਹੈ। ਚੰਗਾਈ ਦਾ ਅੰਦਰੋਂ ਸ਼ੁਰੂ ਹੋਣਾ ਜ਼ਰੂਰੀ ਹੈ। ਸ਼ੁਕਰ ਹੈ ਕਿ ਅਜਿਹੇ ਪੁਰਸ਼ਾਂ ਦੀ ਇੱਕ ਲਹਿਰ ਚੱਲ ਪਈ ਹੈ ਜਿਹੜੇ ਇੱਕ ਜ਼ਬਰਦਸਤ ਫਿਲਮ ਡੀਵੀਡੀ ਲੜੀ ਦੇ ਦੁਆਰਾ ਪੋਰਨੋਗ੍ਰਾਫੀ ਤੋਂ ਮੁਕਤ ਹੋ ਰਹੇ ਹਨ ਜਿਸ ਦਾ ਨਾਮ ਹੈ Conquer Series**.**

## ਪੋਰਨੋਗ੍ਰਾਫੀ ਮਨੁੱਖੀ ਦਿਮਾਗ ਉੱਤੇ ਵੀ ਅਸਰ ਪਾਉਂਦੀ ਹੈ।

ਬਿਊਰੋ ਆਫ ਇਨਵੈਸਟਿਗੇਟਿਵ ਜਰਨਲਿਜ਼ਮ ਦੇ ਵਿਗਿਆਨ ਪੱਤਰਕਾਰ ਮੈਡਲਨ ਡੇਵੀਸ ਦੇ ਅਨੁਸਾਰ, ਕੈਮਬ੍ਰਿਜ ਯੂਨੀਵਰਸਿਟੀ ਦੇ ਖੋਜਕਰਤਾਵਾਂ ਨੇ 2013 ਵਿੱਚ ਪਤਾ ਲਗਾਇਆ ਕਿ "ਪੋਰਨੋਗ੍ਰਾਫੀ ਦੇ ਆਦੀ ਵਿਅਕਤੀ ਜਦੋਂ ਅਸ਼ਲੀਲ ਸਮੱਗਰੀ ਵੇਖਦੇ ਹਨ, ਤਾਂ ਐਕਸਰੇ ਵਿੱਚ ਉਨ੍ਹਾਂ ਦੇ ਦਿਮਾਗ ਦਾ ਉਹ "ਆਦੀ" ਹਿੱਸਾ ਜਗ ਪੈਂਦਾ ਹੈ। ਇੱਕ ਮੁੱਢਲੇ ਅਧਿਐਨ ਤੋਂ ਪਤਾ ਲੱਗਾ ਹੈ ਕਿ ਔਨਲਾਈਨ ਪੋਰਨੋਗ੍ਰਾਫੀ ਦੇ ਆਦੀ ਨੌਜਵਾਨਾਂ ਨੂੰ ਉੱਤੇਜਕ ਤਸਵੀਰਾਂ ਵਿਖਾਏ ਜਾਣ 'ਤੇ ਉਨ੍ਹਾਂ ਦੇ ਦਿਮਾਗ 'ਕ੍ਰਿਸਮਸ ਦੇ ਰੁੱਖ ਵਾਂਗ ਜਗਮਗਾ ਉੱਠੇ।"

ਪੋਰਨੋਗ੍ਰਾਫੀ ਵਿੱਚ ਦਿਮਾਗ ਦਾ ਜਿਹੜਾ ਹਿੱਸਾ ਸਰਗਰਮ ਹੁੰਦਾ ਹੈ ਇਹ ਉਹੀ ਹਿੱਸਾ ਹੈ ਜਿਹੜਾ ਨਸ਼ੀਲੀਆਂ ਵਸਤਾਂ ਅਤੇ ਸ਼ਰਾਬ ਦੇ ਆਦੀ ਵਿਅਕਤੀਆਂ ਵਿੱਚ ਸਰਗਰਮ ਹੁੰਦਾ ਹੈ।

ਡਾਕਟਰ ਵਿਲੀਅਮ ਐਮ ਸਟਰੂਦ੍ਰਸ ਜੋ ਕਿ ਵ੍ਹੀਟਨ ਕਾਲਜ ਵਿਖੇ ਸਹਿ-ਪ੍ਰੋਫੈਸਰ ਹਨ, ਉਹ ਪੋਰਨੋਗ੍ਰਾਫੀ ਕਰਕੇ ਦਿਮਾਗ ਅਤੇ ਰਿਸ਼ਤਿਆਂ ਨੂੰ ਜੋ ਖਤਰੇ ਹਨ ਉਨ੍ਹਾਂ ਦਾ ਸਾਰ ਦੱਸਦੇ ਹਨ:

ਲਗਾਤਾਰ ਪੋਰਨ ਵੇਖਣ ਵਾਲਾ ਵਿਅਕਤੀ ਸਾਰਾ ਦਿਨ ਸੰਭੋਗ ਬਾਰੇ ਕਲਪਨਾ ਕਰਦਾ ਰਹਿੰਦਾ ਹੈ। ਉਹ ਜਿਸ ਵੀ ਔਰਤ ਵੱਲ ਵੇਖਦਾ ਹੈ ਉਸ ਨੂੰ ਪੋਰਨ ਦੀ ਨਜ਼ਰ ਨਾਲ ਹੀ ਵੇਖਦਾ ਹੈ।

ਡਾਕਟਰ ਲੋਰੈਂਸ ਟੱਕਰ ਇੱਕ ਮਨੋਚਿਕਿਤਸਕ ਅਤੇ ਅਮਰੀਕਨ ਬੋਰਡ ਆਫ਼ ਏਡਿਕਸ਼ਨ ਮੇਡਿਸਨ ਦੇ ਨੁੰਮਾਇੰਦੇ ਹਨ। Conquer Series ਵਿੱਚ ਡਾਕਟਰ ਟੱਕਰ ਵਿਖਾਉਂਦੇ ਹਨ ਕਿ ਐਕਸਰਿਆਂ ਵਿੱਚ ਪੋਰਨ ਦੇ ਆਦੀ ਅਤੇ ਕੋਕੇਨ ਦੇ ਆਦੀ ਵਿਅਕਤੀ ਦੇ ਦਿਮਾਗ ਦੀ ਤੁਲਨਾ ਇੱਕ ਆਮ ਵਿਅਕਤੀ ਦੇ ਦਿਮਾਗ ਨਾਲ ਕੀਤੇ ਜਾਣ ’ਤੇ ਉਨ੍ਹਾਂ ਦੇ ਦਿਮਾਗ ਦੇ ਕੁਝ ਖਾਸ ਹਿੱਸੇ **ਬੇਹਰਕਤ** ਨਜ਼ਰ ਆਏ। ਪੋਰਨੋਗ੍ਰਾਫੀ ਦੇ ਪ੍ਰਤੀ ਅਮਰੀਕੀਆਂ ਦਾ ਰਵੱਈਆ ਬਦਲਣ ਦੇ ਨਾਲ-ਨਾਲ **ਸਾਡੇ ਦੇਸ਼ ਦੇ ਲੋਕਾਂ ਦੇ ਦਿਮਾਗ ਵੀ ਬੰਦ ਹੁੰਦੇ ਜਾ ਰਹੇ ਹਨ**।

ਪੋਰਨ ਵੇਖਣ ਨੂੰ ਨੈਤਿਕ ਤੌਰ ਤੇ ਗ੍ਰਹਿਣਯੋਗ ਮੰਨਣ ਵਾਲੇ ਲੋਕਾਂ ਦੀ ਵਧਦੀ ਹੋਈ ਗਿਣਤੀ ਪੋਰਨੋਗ੍ਰਾਫੀ ਵਿੱਚ ਰੁੱਝੇ ਹੋਏ ਦੇਸ਼ ਦਾ ਲੱਛਣ ਹੈ। **ਨੈਤਿਕ ਵਿਗਾੜ** ਵਿੱਚ ਸਿੱਧਾ ਡੁੱਬਣ ਤੋਂ ਬਚਣ ਦਾ ਇੱਕੋ ਇੱਕ ਤਰੀਕਾ ਇਹ ਹੈ ਕਿ **ਪੁਰਸ਼ ਇੱਕ ਸੰਕਲਪ ਕਰਨ** ਅਤੇ **ਪੋਰਨ ਤੋਂ ਮੁਕਤੀ ਲਈ ਲੜਨ**।

### ਪੋਰਨੋਗ੍ਰਾਫੀ ਤੋਂ ਆਜ਼ਾਦੀ

ਆਪਣੇ ਜੀਵਨ ਵਿੱਚ ਪੋਰਨੋਗ੍ਰਾਫੀ ਦਾ ਮੁਕਾਬਲਾ ਕਰਨ ਦਾ ਇੱਕ ਪ੍ਰਮਾਣਿਤ ਤਰੀਕਾ ਹੈ Conquer Series, ਜੋ ਕਿ ਇੱਕ ਦੋ ਜਿਲਦ ਦਾ ਸ਼ਕਤੀਸ਼ਾਲੀ ਸਿਨੇਮਾਈ ਅਧਿਐਨ ਹੈ ਜਿਸ ਵਿੱਚ ਪੁਰਸ਼ਾਂ ਨੂੰ ਪੋਰਨ ’ਤੇ ਜਿੱਤ ਪਾਉਣ ਅਤੇ ਅਜ਼ਾਦੀ ਨਾਲ ਜੀਉਣ ਵਿੱਚ ਸਹਾਇਤਾ ਕਰਨ ਲਈ ਬਾਈਬਲ ਦੀਆਂ ਸਿੱਖਿਆਵਾਂ ਅਤੇ ਪ੍ਰਮਾਣਿਤ ਸਿਧਾਂਤਾਂ ਦਾ ਇਸਤੇਮਾਲ ਕੀਤਾ ਗਿਆ ਹੈ।

ਦੋਵਾਂ ਜਿਲਦਾਂ ਵਿੱਚ ਪੰਜ-ਪੰਜ ਸਬਕ ਅਤੇ ਨਾਲ ਹੀ ਇੱਕ ਮੁਫ਼ਤ ਸੀਡੀ ਹੈ। ਇਸ ਸੀਰੀਜ਼ ਨੂੰ ਹੋਰ ਅਸਰਦਾਰ ਅਤੇ ਪ੍ਰਭਾਵਸ਼ਾਲੀ ਬਣਾਉਣ ਵਿੱਚ ਸਹਾਇਤਾ ਲਈ ਅਧਿਐਨ ਪੁਸਤਿਕਾਵਾਂ ਅਤੇ ਨਿੱਜੀ ਪੱਤ੍ਰਿਕਾਵਾਂ ਉਪਲਬਧ ਹਨ।
Conquer Series ਇੱਕ ਬਿਲਕੁਲ ਸਟੀਕ, ਵਿਹਾਰਕ ਅਤੇ ਚਰਚਾਤਮਕ ਅਨੁਭਵ ਹੈ ਜੋ ਪੁਰਸ਼ਾਂ ਨੂੰ ਪੋਰਨੋਗ੍ਰਾਫੀ ਤੋਂ ਮੁਕਤੀ ਪਾਉਣ ਅਤੇ ਅਜ਼ਾਦੀ ਦਾ ਜੀਵਨ ਜੀਉਣ ਵਿੱਚ ਸਹਾਇਤਾ ਕਰ ਸਕਦਾ ਹੈ।

Conquer Series ਬਾਰੇ ਹੋਰ ਵਧੇਰੇ ਜਾਣਨ ਲਈ ConquerSeries.com ’ਤੇ ਜਾਓ।

ਇਸ ਦੇ ਬਾਰੇ ਹੋਰ ਵਧੇਰੇ ਤੁਸੀਂ ਇੱਥੇ ਪੜ੍ਹ ਸਕਦੇ ਹੋ
http://www.prophecynewswatch.com/article.cfm?recent_news_id=2327#kVkzEVuA1zj54wtV.99